PAIGAM-E-JAGAT

ਪੈ.ਗਾਮ-ਏ-ਜਗਤ

ਬਿਨ੍ਹਾਂ ਲੜੇ ਦੁਸ਼ਮਣ ਨੂੰ ਕਮਜ਼ੋਰ ਕਰਨ ਲਈ ਬੁੱਧੀ ਅਤੇ ਸਮੇਂ ਦਾ ਸਹੀ ਉਪਯੋਗ ਕਰੋ।
- ਆਚਾਰੀਆ ਚਾਣਕਿਆ

Title code : CHAMUL00914 | E-mail : Info@paigamejagat.com | 5 ਤੋਂ 11 ਨਵੰਬਰ, 2026, ਸਾਲ-4, ਅੰਕ-14, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਕਾਂਗਰਸ ਨੇ ਫੱਗੂਵਾਲਾ ਵਿਖੇ ਸੂਬਾ ਪੱਧਰੀ ਵਿਸ਼ਾਲ ਰੈਲੀ ਕਰਕੇ ਚੋਣਾਂ ਦਾ ਵਜਾਇਆ ਬਿਗਲ

ਪੰਜਾਬ ਵਿੱਚੋਂ ਨਸ਼ਿਆਂ ਅਤੇ ਗੈਂਗਸਟਰਵਾਦ ਦੇ ਖ਼ਾਤਮੇ ਲਈ ਕਾਂਗਰਸ ਸਰਕਾਰ ਦੀ ਸਥਾਪਨਾ ਜ਼ਰੂਰੀ: ਰਾਹੁਲ ਗਾਂਧੀ

ਭਵਾਨੀਗੜ੍ਹ, 4 ਨਵੰਬਰ (ਪੈ.ਗਾਮ-ਏ-ਜਗਤ)

ਕਾਂਗਰਸ ਪਾਰਟੀ ਵੱਲੋਂ ਅੱਜ ਇੱਥੇ ਬਠਿੰਡਾ-ਜ਼ੀਰਕਪੁਰ ਕੌਮੀ ਹਾਈਵੇਅ 'ਤੇ ਸਥਿਤ ਪਿੰਡ ਫੱਗੂਵਾਲਾ ਵਿਖੇ ਸਾਬਕਾ ਮੰਤਰੀ ਵਿਜੈ ਇੰਦਰ ਸਿੰਗਲਾ ਦੇ ਪ੍ਰਬੰਧਾਂ ਹੇਠ ਸੂਬਾ ਪੱਧਰੀ ਵਿਸ਼ਾਲ ਇਨਸਾਫ਼ ਰੈਲੀ ਕਰਕੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਗਿਆ।

12 ਏਕੜ ਵਿੱਚ ਤਿਆਰ ਕੀਤੇ ਪੰਡਾਲ ਵਿੱਚ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਕਾਂਗਰਸ ਪਾਰਟੀ ਦੇ ਕੌਮੀ ਆਗੂ ਅਤੇ ਸੰਸਦ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਦੀ ਮਿਲੀਭੁਗਤ ਨਾਲ ਘਰ-ਘਰ ਤੱਕ ਫੈਲੇ ਡਰੱਗ/ਨਸ਼ਿਆਂ ਦੇ ਕੋਹੜ ਨੂੰ ਕਾਂਗਰਸ ਪਾਰਟੀ ਦੀ ਸਰਕਾਰ ਹੀ ਖ਼ਤਮ ਕਰ ਸਕਦੀ ਹੈ।

ਰਾਹੁਲ ਗਾਂਧੀ ਨੇ ਕਿਹਾ ਕਿ ਇਸ ਸਮੇਂ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ, ਲੁੱਟ-ਖੋਹ ਤੇ ਗੈਂਗਸਟਰਵਾਦ ਨੇ ਜਕੜ ਲਿਆ ਹੈ ਅਤੇ ਇਨ੍ਹਾਂ ਸਮਾਜਿਕ ਬਿਮਾਰੀਆਂ ਨੂੰ ਰੋਕਣ ਵਿੱਚ ਪੰਜਾਬ ਦੀ ਭਗਵੰਤ ਮਾਨ ਸਰਕਾਰ ਪੂਰੀ ਤਰ੍ਹਾਂ ਫ਼ੇਲ੍ਹ ਹੋ ਚੁੱਕੀ ਹੈ। ਉਨ੍ਹਾਂ ਆਪਣੇ ਭਾਸ਼ਣ ਨੂੰ ਰੋਕ ਕੇ ਸਟੇਜ 'ਤੇ ਬੈਠੇ ਉੱਘੇ ਗਾਇਕ ਮਰਹੂਮ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਆਪਣੇ ਕੋਲ ਬੁਲਾ ਕੇ ਕਿਹਾ ਕਿ ਸਿੱਧੂ ਮੂਸੇਵਾਲਾ ਇੱਕ ਸ਼ਾਨਦਾਰ ਗਾਇਕ ਅਤੇ ਕੁੱਝ ਕਰ ਗੁਜ਼ਰਨ ਵਾਲੀ ਸ਼ਖ਼ਸੀਅਤ ਸਨ, ਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਨਾਕਾਮੀਆਂ ਕਾਰਨ ਇਹੋ ਜਿਹੇ ਨੌਜਵਾਨ ਸਾਥੋਂ ਖੋਹੇ ਜਾ ਰਹੇ ਹਨ। ਉਨ੍ਹਾਂ ਸਮੂਹ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਇੱਕਜੁੱਟ ਹੋ ਕੇ ਪੰਜਾਬ ਵਿਧਾਨ ਸਭਾ ਦੇ ਚੋਣ ਮੈਦਾਨ ਵਿੱਚ ਡਟਣ ਦਾ ਸੱਦਾ ਦਿੱਤਾ। ਉੱਥੇ ਹੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਘੇਰਦਿਆਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਪਲਾਈ ਗੁਜਰਾਤ ਸਥਿਤ ਬੰਦਰਗਾਹ ਤੋਂ ਹੋ ਰਹੀ ਹੈ।



'5 ਮਿੰਟਾਂ 'ਚ ਸਾਬਤ ਕਰ ਦਿਆਂਗਾ ਕਿ ਮੋਦੀ ਦੇਸ਼-ਵਿਰੋਧੀ ਹਨ': ਰਾਹੁਲ ਗਾਂਧੀ


ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਨਰਿੰਦਰ ਮੋਦੀ ਦੇ ਉਸ ਦੋਸ਼ 'ਤੇ ਖੁੱਲ੍ਹੀ ਬਹਿਸ ਲਈ ਆਪਣੀ ਚੁਣੌਤੀ ਨੂੰ ਮੁੜ ਦੁਹਰਾਇਆ ਕਿ ਕਾਂਗਰਸ 'ਦੇਸ਼-ਵਿਰੋਧੀ' ਹੈ, ਅਤੇ ਦਾਅਵਾ ਕੀਤਾ ਕਿ ਉਹ ਪੰਜ ਮਿੰਟਾਂ ਦੇ ਅੰਦਰ ਸਾਬਤ ਕਰ ਸਕਦੇ ਹਨ ਕਿ ਇਹ ਪ੍ਰਧਾਨ ਮੰਤਰੀ ਹੀ ਹਨ ਜੋ ਇਸ ਟੈਗ ਵਿੱਚ ਫਿੱਟ ਬੈਠਦੇ ਹਨ। ਗਾਂਧੀ ਨੇ ਕਿਹਾ, "ਕਿਤੇ ਵੀ ਆਓ, ਮੇਰੇ ਨਾਲ ਬੈਠੋ ਅਤੇ ਬਹਿਸ ਕਰੋ। ਮੈਂ ਪੰਜ ਮਿੰਟਾਂ ਦੇ ਅੰਦਰ ਸਾਬਤ ਕਰ ਦਿਆਂਗਾ ਕਿ ਮੋਦੀ ਦੇਸ਼-ਵਿਰੋਧੀ ਹਨ।'' ਆਉਂਦੇ ਸਾਲ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਪੰਜਾਬ ਚੋਣਾਂ ਲਈ ਪਾਰਟੀ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਕਾਂਗਰਸ ਦੀ ਇੱਕ 'ਇਨਸਾਫ਼ ਰੈਲੀ' ਨੂੰ ਸੰਬੋਧਨ ਕਰਦਿਆਂ, ਗਾਂਧੀ ਨੇ ਅੱਸਆਈਆਰ 'ਤੇ ਚਰਚਾ ਕਰਨ ਲਈ ਸੰਸਦ ਦਾ ਵਿਸ਼ੇਸ਼ ਇਜਲਾਸ ਬੁਲਾਉਣ ਦੇ ਭਾਜਪਾ ਦੇ ਸੰਕਲਪ ਦਾ ਮਜ਼ਾਕ ਉਡਾਉਂਦਿਆਂ ਕਿਹਾ, ਉਹ ਕਹਿੰਦੇ ਹਨ ਕਿ ਸੰਸਦ ਵਿੱਚ ਚਰਚਾ ਕਰੋ, ਪਰ ਤੁਸੀਂ ਮੇਰਾ ਮਾਈਕ ਬੰਦ ਕਰ ਦਿੰਦੇ ਹੋ; ਤੁਸੀਂ ਮੈਨੂੰ ਬੋਲਣ ਨਹੀਂ ਦਿੰਦੇ... ਮੰਗਲਵਾਰ ਨੂੰ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਸੀ ਕਿ ਸਰਕਾਰ ਅੱਸਆਈਆਰ ਅਭਿਆਸ 'ਤੇ ਚਰਚਾ ਕਰਨ ਲਈ ਸੰਸਦ ਦਾ ਵਿਸ਼ੇਸ਼ ਇਜਲਾਸ ਬੁਲਾਉਣ ਲਈ ਤਿਆਰ ਹੈ ਅਤੇ ਵਿਰੋਧੀ ਧਿਰ ਨੂੰ ਬਹਿਸ ਵਿੱਚ ਸ਼ਾਮਲ ਹੋਣ ਦੀ ਚੁਣੌਤੀ ਦਿੱਤੀ ਸੀ। ਮੋਦੀ 'ਤੇ ਅਰਬਪਤੀਆਂ ਲਈ ਕੰਮ ਕਰਨ ਦਾ ਦੋਸ਼ ਲਗਾਉਂਦਿਆਂ ਕਾਂਗਰਸੀ ਨੇਤਾ ਨੇ ਕਿਹਾ, ਉਹ ਅਡਾਨੀ ਲਈ ਕੰਮ ਕਰਦੇ ਹਨ। ਉਹ ਪੂਰੇ ਦੇਸ਼ ਦੀ ਜ਼ਮੀਨ, ਬੁਨਿਆਦੀ ਢਾਂਚਾ ਅਤੇ ਹਵਾਈ ਅੱਡੇ ਉਨ੍ਹਾਂ ਦੇ ਹਵਾਲੇ ਕਰ ਦਿੰਦੇ ਹਨ। ਉਹ ਕਿਸਾਨਾਂ ਲਈ ਕੰਮ ਨਹੀਂ ਕਰਨਗੇ। ਉਹ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਲਈ ਕੰਮ ਨਹੀਂ ਕਰਨਗੇ; ਕਾਂਗਰਸ ਕਰੇਗੀ।

'ਦਿੱਲੀ ਤੋਂ ਚੱਲ ਰਹੀ ਹੈ ਪੰਜਾਬ ਸਰਕਾਰ, ਚਿੱਟਾ ਅਜੇ ਵੀ ਵੱਡੀ ਸਮੱਸਿਆ': ਰਾਹੁਲ

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਪੰਜਾਬ ਦੀ ਆਮ ਆਦਮੀ ਪਾਰਟੀ ('ਆਪ') ਸਰਕਾਰ 'ਤੇ ਵੱਖ-ਵੱਖ ਮੁੱਦਿਆਂ 'ਤੇ ਤਿੱਖਾ ਹਮਲਾ ਬੋਲਦਿਆਂ 'ਚਿੱਟੇ' (ਮਿਲਾਵਟੀ ਹੈਰੋਇਨ) ਨੂੰ ਸੂਬੇ ਦਾ ਇੱਕ ਵੱਡਾ ਮੁੱਦਾ ਕਰਾਰ ਦਿੱਤਾ। ਅਗਲੇ ਸਾਲ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਚੋਣ ਪ੍ਰਚਾਰ ਦਾ ਬਿਗੁਲ ਵਜਾਉਂਦਿਆਂ ਸੰਗਰੂਰ ਵਿਖੇ 'ਇਨਸਾਫ਼ ਰੈਲੀ' ਦੌਰਾਨ ਰਾਹੁਲ ਗਾਂਧੀ ਨੇ ਕਿਹਾ, ਪੰਜਾਬ ਵਿੱਚ 'ਚਿੱਟਾ' ਇੱਕ ਬਹੁਤ ਵੱਡਾ ਮੁੱਦਾ ਹੈ। ਨਸ਼ਿਆਂ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ ਗਾਂਧੀ ਨੇ ਕਿਹਾ, ਬਹੁਤ ਸਾਲ ਪਹਿਲਾਂ ਮੈਂ ਕਿਹਾ ਸੀ ਕਿ ਪੰਜਾਬ ਵਿੱਚ ਨਸ਼ੇ ਫੈਲ ਰਹੇ ਹਨ। ਉਸ ਸਮੇਂ ਬੀਜੇਪੀ ਅਤੇ ਅਕਾਲੀ ਦਲ ਨੇ ਨਸ਼ਿਆਂ ਦੇ ਖ਼ਤਰੇ ਨੂੰ ਛੋਟਾ ਕਰ ਕੇ ਦਿਖਾਉਂਦਿਆਂ ਕਿਹਾ ਸੀ ਕਿ ਰਾਹੁਲ ਗਾਂਧੀ ਨੂੰ ਪੰਜਾਬ ਬਾਰੇ ਕੁੱਝ ਨਹੀਂ ਪਤਾ। 'ਆਪ' ਸਰਕਾਰ 'ਤੇ ਨਿਸ਼ਾਨਾ ਲਾਉਂਦਿਆਂ ਕਾਂਗਰਸੀ ਆਗੂ ਨੇ ਕਿਹਾ, ਲੋਕਾਂ ਨੂੰ ਅਜਿਹੀ ਸਰਕਾਰ ਦੀ ਲੋੜ ਹੈ ਜੋ ਪੰਜਾਬ ਲਈ ਕੰਮ ਕਰੇ। 'ਆਪ' ਵਰਗੀ ਸਰਕਾਰ ਦੀ ਲੋੜ ਨਹੀਂ, ਜੋ ਦਿੱਲੀ ਤੋਂ ਚਲਾਈ ਜਾ ਰਹੀ ਹੈ। ਇਸ ਰੈਲੀ ਵਿੱਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ, ਸੂਬਾ ਕਾਂਗਰਸ ਪ੍ਰਧਾਨ ਪਰਗਟ ਸਿੰਘ ਅਤੇ ਸੂਬੇ ਦੇ ਸੀਨੀਅਰ ਨੇਤਾ ਪ੍ਰਤਾਪ ਸਿੰਘ ਬਾਜਵਾ, ਵਿਜੇ ਇੰਦਰ ਸਿੰਗਲਾ, ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ, ਗਜਿੰਦਰ ਕੌਰ ਭੱਟਲ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਮੌਜੂਦ ਸਨ।

ਯੂ.ਪੀ.ਆਈ. ਦੇ ਲੈਣ-ਦੇਣ 'ਤੇ ਫ਼ੀਸ ਨਾਲ ਰੇਹੜੀ-ਫੜ੍ਹੀ ਵਾਲਿਆਂ ਸਮੇਤ ਛੋਟੇ ਵਪਾਰੀਆਂ 'ਤੇ ਪਵੇਗਾ ਵਾਧੂ ਬੋਝ

- ਇਸ ਸਰਵੇਖਣ ਵਿੱਚ ਦੇਸ਼ ਭਰ ਦੇ 720 ਤੋਂ ਵੱਧ ਰੇਹੜੀ-ਫੜ੍ਹੀ ਵਾਲੇ ਵਿਕਰੇਤਾਵਾਂ ਨੂੰ ਸ਼ਾਮਲ ਕੀਤਾ ਗਿਆ



ਮੁੰਬਈ, 4 ਨਵੰਬਰ (ਪੈ.ਗਾਮ-ਏ-ਜਗਤ)

ਯੂਪੀਆਈ ਦੇ ਲੈਣ-ਦੇਣ 'ਤੇ ਖਰਚ ਲਗਾਉਣ ਦਾ ਅਸਰ ਛੋਟੇ ਕਾਰੋਬਾਰੀਆਂ 'ਤੇ ਵੀ ਪੈ ਸਕਦਾ ਹੈ। ਇੰਡੀਅਨ ਸਕੂਲ ਆਫ਼ ਬਿਜ਼ਨਸ ਦੇ ਇੱਕ ਸਰਵੇਖਣ ਅਨੁਸਾਰ,ਲਗਭਗ 70 ਫੀਸਦੀ ਰੇਹੜੀ-ਫੜ੍ਹੀ ਵਾਲੇ ਵਿਕਰੇਤਾ ਆਪਣੇ ਸਪਲਾਇਰਾਂ ਨੂੰ ਇੱਕ ਵਾਰ ਵਿੱਚ 2,000 ਰੁਪਏ ਤੋਂ ਵੱਧ ਦਾ ਭੁਗਤਾਨ ਕਰਦੇ ਹਨ। ਅਜਿਹੇ ਵਿੱਚ ਖੁਦਰਾ ਲੈਣ-ਦੇਣ 'ਤੇ ਫੀਸ ਤੋਂ ਛੋਟ ਮਿਲਣ ਦੇ ਬਾਵਜੂਦ ਉਨ੍ਹਾਂ ਨੂੰ ਥੋਕ ਖਰੀਦ ਦੌਰਾਨ ਵਾਧੂ ਲਾਗਤ ਚੁੱਕਣੀ ਪੈ ਸਕਦੀ ਹੈ।

ਆਈਐੱਸਬੀ ਦੇ ਇਸ ਸਰਵੇਖਣ ਵਿੱਚ ਦੇਸ਼ ਭਰ ਦੇ 720 ਤੋਂ ਵੱਧ ਰੇਹੜੀ-ਫੜ੍ਹੀ ਵਾਲੇ ਵਿਕਰੇਤਾਵਾਂ ਨੂੰ ਸ਼ਾਮਲ ਕੀਤਾ ਗਿਆ। ਇਸ ਵਿੱਚ 10.4 ਫੀਸਦੀ ਵਿਕਰੇਤਾਵਾਂ ਨੇ ਦੱਸਿਆ ਕਿ ਸਰਵੇਖਣ ਤੋਂ ਪਹਿਲਾਂ ਦੇ 10 ਦਿਨਾਂ ਵਿੱਚ ਉਨ੍ਹਾਂ ਦੇ ਸਪਲਾਇਰਾਂ ਨੇ ਯੂਪੀਆਈ ਨਾਲ ਭੁਗਤਾਨ ਕਰਨ 'ਤੇ ਉਨ੍ਹਾਂ ਤੋਂ ਵਾਧੂ ਖਰਚ ਮੰਗਿਆ ਸੀ। ਅਧਿਐਨ ਅਨੁਸਾਰ, ਖੁਦਰਾ ਲੈਣ-ਦੇਣ 'ਤੇ ਖਰਚ ਤੋਂ ਛੋਟ ਮਿਲਣ ਨਾਲ ਛੋਟੇ ਕਾਰੋਬਾਰੀਆਂ ਨੂੰ ਕੁਝ ਰਾਹਤ ਮਿਲ ਸਕਦੀ ਹੈ, ਪਰ ਇਸ ਨਾਲ ਥੋਕ ਖਰੀਦ ਦੌਰਾਨ ਹੋਣ ਵਾਲੇ ਭੁਗਤਾਨ ਦੀ ਲਾਗਤ ਤੋਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਰਾਹਤ ਨਹੀਂ ਮਿਲ ਸਕਦੀ। ਸਰਕਾਰ ਨੇ ਇਸ ਸਾਲ ਦੀ ਸ਼ੁਰੂਆਤ ਵਿੱਚ 2,000 ਰੁਪਏ ਤੋਂ ਵੱਧ ਦੇ ਵਪਾਰੀ ਯੂਪੀਆਈ ਲੈਣ-ਦੇਣ 'ਤੇ 0.40 ਫੀਸਦੀ ਤੱਕ ਮਰਚੈਂਟ ਡਿਸਕਾਊਂਟ ਰੇਟ ਲਗਾਉਣ ਦੀ ਇਜਾਜ਼ਤ ਦਿੱਤੀ ਸੀ। ਹਾਲਾਂਕਿ, ਲਗਪਗ 96 ਫੀਸਦੀ ਲੈਣ-ਦੇਣ ਨੂੰ ਇਸ ਤੋਂ ਛੋਟ ਦਿੱਤੀ ਗਈ ਹੈ।

ਅਗਨੀਵੀਰਾਂ ਲਈ ਸਰਕਾਰ ਨੇ ਵਧਾਇਆ 2 ਸਾਲ ਦਾ ਕਾਰਜਕਾਲ

- ਫੌਜ 'ਚ ਪੱਕੇ ਹੋਣ ਦਾ ਮਿਲੇਗਾ ਮੌਕਾ; ਦਸੰਬਰ ਤੱਕ 4 ਸਾਲਾ ਠੇਕਾ ਪੂਰਾ ਕਰ ਕੇ ਸੇਵਾਮੁਕਤ ਹੋਣ ਵਾਲੇ 18,300 ਤੋਂ ਵੱਧ ਜਵਾਨਾਂ ਨੂੰ ਮਿਲੇਗਾ ਸਿੱਧਾ ਲਾਭ

ਨਵੀਂ ਦਿੱਲੀ, 4 ਨਵੰਬਰ (ਪੈ.ਗਾਮ-ਏ-ਜਗਤ)

ਭਾਰਤੀ ਹਥਿਆਰਬੰਦ ਫੌਜਾਂ ਵਿੱਚ ਜਵਾਨਾਂ ਦੀ ਭਰਤੀ ਲਈ ਚੱਲ ਰਹੀ 'ਅਗਨੀਪਥ' ਸਕੀਮ ਵਿੱਚ ਵੱਡਾ ਫੇਰਬਦਲ ਕਰਦਿਆਂ ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਐੱਨ.ਐੱਸ. ਰਾਜਾ ਸੁਬਰਾਮਣੀ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਇਸੇ ਸਾਲ ਦਸੰਬਰ ਵਿੱਚ ਆਪਣਾ ਚਾਰ ਸਾਲਾ ਕਾਰਜਕਾਲ ਪੂਰਾ ਕਰਨ ਵਾਲੇ ਸਾਰੇ 'ਅਗਨੀਵੀਰਾਂ' ਦੀਆਂ ਸੇਵਾਵਾਂ ਵਿੱਚ ਦੋ ਸਾਲ ਦਾ ਵਾਧਾ ਕੀਤਾ ਜਾਵੇਗਾ।

ਸੀਡੀਐੱਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਕੇਂਦਰੀ ਕੈਬਨਿਟ ਦੀ ਬੈਠਕ 'ਚ ਲਏ ਗਏ ਫੈਸਲੇ ਦੀ ਜਾਣਕਾਰੀ ਦੇ ਰਹੇ ਸਨ। ਉਨ੍ਹਾਂ ਦੱਸਿਆ ਕਿ ਮੌਜੂਦਾ ਨੀਤੀ ਅਨੁਸਾਰ ਚਾਰ ਸਾਲ ਪਹਿਲਾਂ ਠੇਕੇ 'ਤੇ ਲਏ ਗਏ ਜਵਾਨਾਂ ਵਿੱਚੋਂ 25 ਫੀਸਦੀ ਨੂੰ ਹਥਿਆਰਬੰਦ ਫੌਜਾਂ ਵਿੱਚ ਪੱਕੇ ਤੌਰ 'ਤੇ ਸ਼ਾਮਲ (ਰੈਗੂਲਰ) ਕੀਤਾ ਜਾਣਾ ਸੀ।

ਜਨਰਲ ਸੁਬਰਾਮਣੀ ਨੇ ਦੱਸਿਆ ਕਿ ਅੱਜ ਐਲਾਨੇ ਗਏ ਬਦਲਾਅ ਬਾਕੀ ਰਹਿੰਦੇ 75 ਫੀਸਦੀ ਜਵਾਨਾਂ 'ਤੇ ਲਾਗੂ ਹੋਣਗੇ, ਜਿਨ੍ਹਾਂ ਨੇ ਦਸੰਬਰ ਵਿੱਚ ਫੌਜ ਤੋਂ ਬਾਹਰ ਹੋਣਾ ਸੀ। ਇਨ੍ਹਾਂ ਬਾਹਰ ਜਾਣ ਵਾਲੇ ਜਵਾਨਾਂ ਨੂੰ ਦੋ ਸਾਲਾਂ ਦੀ ਦੂਜੀ ਸੇਵਾ ਅਵਧੀ ਦਿੱਤੀ ਜਾਵੇਗੀ। ਜਨਰਲ ਸੁਬਰਾਮਣੀ ਨੇ ਅੱਗੇ ਕਿਹਾ, ਜਿਵੇਂ ਹੀ ਇਹ ਦੋ ਸਾਲਾਂ ਦੀ ਮਿਆਦ ਖਤਮ ਹੋਵੇਗੀ, ਇਨ੍ਹਾਂ ਸਾਰੇ ਜਵਾਨਾਂ ਨੂੰ ਦੋ ਸ਼ਰਤਾਂ—ਉਨ੍ਹਾਂ ਦੀ ਆਪਣੀ ਇੱਛਾ ਅਤੇ ਸਰੀਰਕ ਯੋਗਤਾ (ਫਿਜ਼ੀਕਲ ਫਿਟਨੈੱਸ)—ਦੇ ਆਧਾਰ 'ਤੇ ਰੈਗੂਲਰ ਫੌਜੀ ਬਣਨ ਦਾ ਵਿਕਲਪ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਤੇ ਮੌਜੂਦਾ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫੌਜ 'ਚ ਪੱਕੇ ਤੌਰ 'ਤੇ ਸ਼ਾਮਲ ਕੀਤਾ ਜਾਵੇਗਾ।

ਮੌਜੂਦਾ ਸਕੀਮ ਅਨੁਸਾਰ ਅਗਨੀਵੀਰਾਂ ਨੂੰ ਚਾਰ ਸਾਲ ਦੇ ਠੇਕੇ 'ਤੇ ਲਿਆ ਜਾਂਦਾ ਹੈ।



ਸੋਨੇ ਦੀ ਕੀਮਤ ਵਿੱਚ 4,046 ਰੁ. ਦਾ ਵਾਧਾ, ਪਹੁੰਚੀ 1.42 ਲੱਖ ਤੱਕ

- ਚਾਂਦੀ 9,708 ਰੁ. ਪ੍ਰਤੀ ਕਿਲੋਗ੍ਰਾਮ ਮਹਿੰਗੀ ਹੋਈ; ਕੈਰੇਟ ਦੇ ਹਿਸਾਬ ਨਾਲ ਸੋਨੇ ਦੀਆਂ ਕੀਮਤਾਂ ਦੇਖੋ

ਮੁੰਬਈ, (ਪੈ.ਗਾਮ-ਏ-ਜਗਤ)

ਧਨਤੇਰਸ ਤੋਂ ਪਹਿਲਾਂ, ਅੱਜ 4 ਨਵੰਬਰ ਨੂੰ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। 'ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ' ਦੇ ਅਨੁਸਾਰ, 24-ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ ਵਿੱਚ 4,046 ਰੁ. ਦਾ ਵਾਧਾ ਹੋਇਆ ਹੈ, ਜਿਸ ਨਾਲ ਇਹ 1.42 ਲੱਖ 'ਤੇ ਪਹੁੰਚ ਗਈ ਹੈ। ਚਾਂਦੀ 9,708 ਰੁ. ਪ੍ਰਤੀ ਕਿਲੋਗ੍ਰਾਮ ਮਹਿੰਗੀ ਹੋ ਕੇ 1.86 ਲੱਖ 'ਤੇ ਪਹੁੰਚ ਗਈ ਹੈ। ਧਨਤੇਰਸ ਦਾ ਤਿਉਹਾਰ 6 ਨਵੰਬਰ ਨੂੰ ਮਨਾਇਆ ਜਾਵੇਗਾ। ਇਸ ਸਾਲ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਅਕਸਰ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲਿਆ ਹੈ। ਸਾਲ 2026 ਵਿੱਚ ਹੁਣ ਤੱਕ ਸੋਨਾ ਲਗਭਗ 8,000 ਰੁ. ਮਹਿੰਗਾ ਹੋ ਚੁੱਕਾ ਹੈ; 31 ਦਸੰਬਰ, 2025 ਨੂੰ 10 ਗ੍ਰਾਮ ਸੋਨੇ ਦੀ ਕੀਮਤ 1.33 ਲੱਖ ਸੀ, ਜੋ ਹੁਣ ਵੱਧ ਕੇ 1.42 ਲੱਖ ਹੋ ਗਈ ਹੈ।

ਭਾਰਤ ਵੱਡੀ ਜਿੱਤ ਨਾਲ ਫਾਈਨਲ 'ਚ ਪੁੱਜਾ, ਸੈਮੀਫਾਈਨਲ ਵਿੱਚ ਦੱਖਣੀ ਕੋਰੀਆ ਨੂੰ 8-1 ਨਾਲ ਹਰਾਇਆ

- ਖਿਤਾਬੀ ਮੁਕਾਬਲੇ ਲਈ ਭਿੜਨਗੇ ਭਾਰਤ-ਜਾਪਾਨ

ਮੋਹਾਲੀ, 4 ਨਵੰਬਰ (ਪੈ.ਗਾਮ-ਏ-ਜਗਤ)

ਇੱਕ ਵਾਰ ਫਿਰ ਆਪਣੀ ਖੇਡ ਦਾ ਲੋਹਾ ਮਨਵਾਉਂਦਿਆਂ ਭਾਰਤ ਨੇ ਅੱਜ ਦੱਖਣੀ ਕੋਰੀਆ ਨੂੰ 8-1 ਨਾਲ ਹਰਾ ਕੇ ਸੈਮੀਫਾਈਨਲ ਦੇ ਇੱਕਪਾਸੜ ਮੁਕਾਬਲੇ ਵਿੱਚ ਆਪਣਾ ਦਬਦਬਾ ਕਾਇਮ ਰੱਖਿਆ ਅਤੇ ਫਾਈਨਲ ਵਿੱਚ ਆਪਣੀ ਥਾਂ ਪੱਕੀ ਕਰ ਲਈ ਹੈ। ਓਲੰਪੀਅਨ ਬਲਬੀਰ ਸਿੰਘ ਸੀਨੀਅਰ ਇੰਟਰਨੈਸ਼ਨਲ ਹਾਕੀ ਸਟੇਡੀਅਮ, ਟੀਮ ਇੰਡੀਆ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਮਾਣਮੱਤਾ ਗਵਾਹ ਬਣ ਗਿਆ।

ਇਹ ਪਹਿਲੀ ਵਾਰ ਸੀ ਜਦੋਂ ਸਟੇਡੀਅਮ ਨੇ ਇੱਕ ਅੰਤਰਰਾਸ਼ਟਰੀ ਮੈਚ ਦੀ ਮੇਜ਼ਬਾਨੀ ਕੀਤੀ ਅਤੇ ਖੇਡ ਜਗਤ ਦੇ ਆਲਮੀ ਨਕਸ਼ੇ 'ਤੇ ਆਪਣੀ ਸ਼ਾਨਮੱਤੀ ਸ਼ੁਰੂਆਤ ਕਰਨ ਦਾ ਫ਼ਖਰ ਹਾਸਿਲ ਕੀਤਾ । ਇਸ ਮੌਕੇ 'ਤੇ ਮੌਜੂਦ ਪਤਵੰਤਿਆਂ ਵਿੱਚ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ, ਸਿਹਤ ਅਤੇ ਪਰਿਵਾਰ ਭਲਾਈ

ਸੰਪਾਦਕ ਦੀ ਕਲਮ ਤੋਂ

ਸੁਰੱਖਿਅਤ, ਸਾਫ਼-ਸੁਥਰੀ ਅਤੇ ਸਿਹਤਮੰਦ ਦੀਵਾਲੀ



ਦੀਵਾਲੀ ਰੌਸ਼ਨੀਆਂ, ਖੁਸ਼ੀਆਂ ਅਤੇ ਆਪਸੀ ਸਾਂਝ ਦਾ ਤਿਉਹਾਰ ਹੈ। ਇਹ ਹਨੇਰੇ ਤੋਂ ਚਾਨਣ ਵੱਲ ਵਧਣ, ਨਵੀਆਂ ਆਸਾਂ ਜਗਾਉਣ ਅਤੇ ਪਰਿਵਾਰ ਤੇ ਸਮਾਜ ਨਾਲ ਖੁਸ਼ੀਆਂ ਸਾਂਝੀਆਂ ਕਰਨ ਦਾ ਮੌਕਾ ਹੈ। ਸਮੇਂ ਦੇ ਨਾਲ ਇਸ ਤਿਉਹਾਰ ਨੂੰ ਮਨਾਉਣ ਦੇ ਢੰਗ ਵਿੱਚ ਵੀ ਕਾਫ਼ੀ ਤਬਦੀਲੀ ਆਈ ਹੈ। ਘਰਾਂ ਦੀ ਸਜਾਵਟ, ਬਾਜ਼ਾਰਾਂ ਦੀ ਰੌਣਕ, ਤੋਹਫ਼?ਆਂ ਦਾ ਲੈਣ-ਦੇਣ ਅਤੇ ਪਟਾਕਿਆਂ ਦੀ ਆਵਾਜ਼ ਇਸ ਦਾ ਹਿੱਸਾ ਬਣ ਗਏ ਹਨ। ਪਰ ਤਿਉਹਾਰ ਦੀ ਅਸਲ ਖੁਸ਼ੀ ਉਦੋਂ ਹੀ ਕਾਇਮ ਰਹਿ ਸਕਦੀ ਹੈ ਜਦੋਂ ਇਸ ਨਾਲ ਕਿਸੇ ਦੀ ਸਿਹਤ, ਸੁਰੱਖਿਆ, ਵਾਤਾਵਰਨ ਜਾਂ ਆਰਥਿਕ ਹਾਲਤ ਨੂੰ ਨੁਕਸਾਨ ਨਾ ਪਹੁੰਚੇ। ਇਸ ਲਈ ਦੀਵਾਲੀ ਨੂੰ ਸਿਰਫ਼ ਰੌਸ਼ਨੀ ਅਤੇ ਸਜਾਵਟ ਤੱਕ ਸੀਮਤ ਰੱਖਣ ਦੀ ਬਜਾਏ ਸੁਰੱਖਿਅਤ, ਸਾਫ਼-ਸੁਥਰੇ ਅਤੇ ਸਮੁੱਚੇ ਤੌਰ 'ਤੇ ਸਿਹਤਮੰਦ ਢੰਗ ਨਾਲ ਮਨਾਉਣ ਬਾਰੇ ਸੋਚਣਾ ਜ਼ਰੂਰੀ ਹੈ। ਦੀਵਾਲੀ ਦੌਰਾਨ ਸਭ ਤੋਂ ਵੱਡੀ ਚਿੰਤਾ ਪਟਾਕਿਆਂ ਤੋਂ ਪੈਦਾ ਹੋਣ ਵਾਲੇ ਹਵਾ ਅਤੇ ਆਵਾਜ਼ ਦੇ ਪ੍ਰਦੂਸ਼ਣ ਦੀ ਹੁੰਦੀ ਹੈ। ਪਟਾਕਿਆਂ ਦਾ ਧੂੰਆਂ ਹਵਾ ਵਿੱਚ ਨੁਕਸਾਨਦੇਹ ਕਣਾਂ ਦੀ ਮਾਤਰਾ ਵਧਾਉਂਦਾ ਹੈ। ਇਸ ਦਾ ਅਸਰ ਬੱਚਿਆਂ, ਬਜ਼ੁਰਗਾਂ ਅਤੇ ਸਾਹ ਸਬੰਧੀ ਸਮੱਸਿਆਵਾਂ ਵਾਲੇ ਲੋਕਾਂ ਉੱਤੇ ਵਧੇਰੇ ਪੈ ਸਕਦਾ ਹੈ। ਇਸ ਦੇ ਨਾਲ ਹੀ ਤੇਜ਼ ਆਵਾਜ਼ਾਂ ਮਨੁੱਖਾਂ ਦੇ ਨਾਲ ਪਸ਼ੂ-ਪੰਛੀਆਂ ਲਈ ਵੀ ਪਰੇਸ਼ਾਨੀ ਦਾ ਕਾਰਨ ਬਣਦੀਆਂ ਹਨ। ਪਟਾਕਿਆਂ ਦੀ ਵਰਤੋਂ ਘਟਾਉਣਾ ਅਤੇ ਰੌਸ਼ਨੀ ਤੇ ਸਾਂਝੇ ਜਸ਼ਨ ਨੂੰ ਤਰਜੀਹ ਦੇਣਾ ਇਸ ਦਿਸ਼ਾ ਵਿੱਚ ਚੰਗਾ ਕਦਮ ਹੋ ਸਕਦਾ ਹੈ।



ਦਵਿੰਦਰ ਕੁਮਾਰ
ਸੰਪਾਦਕ, ਪੈ.ਗਾਮ-ਏ-ਜਗਤ

ਸੁਰੱਖਿਆ ਵੀ ਇਸ ਤਿਉਹਾਰ ਦਾ ਅਹਿਮ ਪੱਖ ਹੈ। ਪਟਾਕਿਆਂ ਕਾਰਨ ਸੜਨ, ਅੱਖਾਂ ਦੀਆਂ ਸੱਟਾਂ ਅਤੇ ਅੱਗ ਲੱਗਣ ਵਰਗੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਬੱਚਿਆਂ ਨੂੰ ਇਕੱਲਿਆਂ ਪਟਾਕੇ ਚਲਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਜਿੱਥੇ ਪਟਾਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ, ਉੱਥੇ ਖੁੱਲ੍ਹੀ ਥਾਂ, ਪਾਣੀ ਅਤੇ ਮੁੱਢਲੀ ਸਹਾਇਤਾ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਬਿਜਲੀ ਦੀਆਂ ਲੜੀਆਂ ਅਤੇ ਦੀਵਿਆਂ ਦੀ ਵਰਤੋਂ ਸਮੇਂ ਵੀ ਸਾਵਧਾਨੀ ਜ਼ਰੂਰੀ ਹੈ। ਘਰਾਂ ਅਤੇ ਦੁਕਾਨਾਂ ਵਿੱਚ ਸਜਾਵਟ ਕਰਦੇ ਸਮੇਂ ਅੱਗ ਲੱਗਣ ਦੇ ਖ਼ਤਰੇ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਸਾਫ਼-ਸੁਥਰੀ ਦੀਵਾਲੀ ਲਈ ਕੂੜੇ ਦੇ ਪ੍ਰਬੰਧ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਤਿਉਹਾਰ ਤੋਂ ਪਹਿਲਾਂ ਘਰਾਂ ਅਤੇ ਆਲੇ-ਦੁਆਲੇ ਦੀ ਸਫ਼ਾਈ ਕੀਤੀ ਜਾਂਦੀ ਹੈ, ਪਰ ਜਸ਼ਨ ਤੋਂ ਬਾਅਦ ਸੜਕਾਂ, ਬਾਜ਼ਾਰਾਂ ਅਤੇ ਜਨਤਕ ਥਾਵਾਂ ਉੱਤੇ ਕੂੜਾ ਛੱਡ ਦੇਣਾ ਇਸ ਮਿਹਨਤ ਨੂੰ ਬੇਅਰਥ ਕਰ ਦਿੰਦਾ ਹੈ। ਪਟਾਕਿਆਂ ਦੇ ਖਾਲੀ ਡੱਬੇ, ਪਲਾਸਟਿਕ ਦੀ ਸਜਾਵਟ, ਮਿਠਾਈਆਂ ਦੇ ਡੱਬੇ ਅਤੇ ਹੋਰ ਰਹਿੰਦ-ਖੂੰਹਦ ਨੂੰ ਢੰਗ ਨਾਲ ਇਕੱਠਾ ਕਰਕੇ ਨਿਰਧਾਰਤ ਥਾਵਾਂ ਉੱਤੇ ਪਾਉਣਾ ਚਾਹੀਦਾ ਹੈ। ਸਜਾਵਟ ਲਈ ਮੁੜ ਵਰਤੋਂ ਯੋਗ ਸਮੱਗਰੀ ਅਤੇ ਕੁਦਰਤੀ ਚੀਜ਼ਾਂ ਨੂੰ ਤਰਜੀਹ ਦੇਣ ਨਾਲ ਕੂੜਾ ਘਟਾਇਆ ਜਾ ਸਕਦਾ ਹੈ।

ਸਿਹਤਮੰਦ ਦੀਵਾਲੀ ਦਾ ਮਤਲਬ ਖਾਣ-ਪੀਣ ਵਿੱਚ ਸੰਤੁਲਨ ਰੱਖਣਾ ਵੀ ਹੈ। ਤਿਉਹਾਰ ਦੌਰਾਨ ਮਿਠਾਈਆਂ ਅਤੇ ਤਲੀਆਂ ਹੋਈਆਂ ਚੀਜ਼ਾਂ ਦੀ ਵਰਤੋਂ ਵਧ ਜਾਂਦੀ ਹੈ। ਇਸ ਮੌਕੇ ਖਾਣ-ਪੀਣ ਦੀਆਂ ਵਸਤਾਂ ਦੀ ਗੁਣਵੱਤਾ ਅਤੇ ਸਫ਼ਾਈ ਵੱਲ ਧਿਆਨ ਦੇਣਾ ਜ਼ਰੂਰੀ ਹੈ। ਮਿਲਾਵਟੀ ਜਾਂ ਬੇਹੱਦ ਪੁਰਾਣੀਆਂ ਮਿਠਾਈਆਂ ਸਿਹਤ ਲਈ ਨੁਕਸਾਨਦੇਹ ਹੋ ਸਕਦੀਆਂ ਹਨ। ਭਰੋਸੇਯੋਗ ਦੁਕਾਨਾਂ ਤੋਂ ਖਰੀਦਦਾਰੀ, ਤਾਜ਼ਾ ਭੋਜਨ ਅਤੇ ਸੰਤੁਲਿਤ ਖੁਰਾਕ ਨੂੰ ਤਰਜੀਹ ਦੇਣੀ ਚਾਹੀਦੀ ਹੈ। ਤੋਹਫ਼?ਆਂ ਵਿੱਚ ਸਿਰਫ਼ ਮਹਿੰਗੀਆਂ ਵਸਤਾਂ ਦੀ ਬਜਾਏ ਸਿਹਤਮੰਦ ਅਤੇ ਲਾਭਦਾਇਕ ਚੀਜ਼ਾਂ ਦੀ ਚੋਣ ਵੀ ਕੀਤੀ ਜਾ ਸਕਦੀ ਹੈ। ਇਸ ਤਿਉਹਾਰ ਦਾ ਸਮਾਜਿਕ ਪੱਖ ਵੀ ਉਨਾ ਹੀ ਮਹੱਤਵਪੂਰਨ ਹੈ। ਜਦੋਂ ਕਈ ਪਰਿਵਾਰ ਆਰਥਿਕ ਤੰਗੀ ਕਾਰਨ ਤਿਉਹਾਰ ਦੀਆਂ ਮੁੱਢਲੀਆਂ ਖੁਸ਼ੀਆਂ ਤੋਂ ਵੀ ਵਾਂਝੇ ਰਹਿ ਜਾਂਦੇ ਹਨ, ਤਾਂ ਸਾਡੀ ਖੁਸ਼ੀ ਦੂਜਿਆਂ ਨਾਲ ਸਾਂਝੀ ਕਰਨ ਦੀ ਭਾਵਨਾ ਹੋਰ ਅਹਿਮ ਹੋ ਜਾਂਦੀ ਹੈ। ਲੋੜਵੰਦ ਪਰਿਵਾਰਾਂ ਦੀ ਸਹਾਇਤਾ, ਇਕੱਲੇ ਰਹਿ ਰਹੇ ਬਜ਼ੁਰਗਾਂ ਨਾਲ ਸਮਾਂ ਬਿਤਾਉਣਾ ਅਤੇ ਸਫ਼ਾਈ ਕਰਮਚਾਰੀਆਂ ਤੇ ਹੋਰ ਸੇਵਾਵਾਂ ਦੇਣ ਵਾਲੇ ਲੋਕਾਂ ਦੇ ਯੋਗਦਾਨ ਦੀ ਕਦਰ ਕਰਨਾ ਤਿਉਹਾਰ ਨੂੰ ਅਰਥਪੂਰਨ ਬਣਾ ਸਕਦਾ ਹੈ। ਬੇਲੋੜੇ ਖ਼ਰਚ ਅਤੇ ਦਿਖਾਵੇ ਤੋਂ ਬਚ ਕੇ ਖੁਸ਼ੀਆਂ ਨੂੰ ਸਾਦਗੀ ਨਾਲ ਮਨਾਉਣਾ ਵੀ ਸਮੇਂ ਦੀ ਲੋੜ ਹੈ। ਸਰਕਾਰੀ ਵਿਭਾਗਾਂ ਦੀ ਵੀ ਇਸ ਮੌਕੇ ਅਹਿਮ ਜ਼ਿੰਮੇਵਾਰੀ ਬਣਦੀ ਹੈ। ਸਿਹਤ ਸੇਵਾਵਾਂ, ਅੱਗ ਬੁਝਾਊ ਪ੍ਰਬੰਧ, ਸਫ਼ਾਈ, ਆਵਾਜਾਈ ਅਤੇ ਪ੍ਰਦੂਸ਼ਣ ਦੀ ਨਿਗਰਾਨੀ ਲਈ ਪਹਿਲਾਂ ਤੋਂ ਤਿਆਰੀ ਹੋਣੀ ਚਾਹੀਦੀ ਹੈ। ਲੋਕਾਂ ਨੂੰ ਵੀ ਨਿਯਮਾਂ ਦੀ ਪਾਲਣਾ ਕਰਦਿਆਂ ਆਪਣੇ ਆਲੇ-ਦੁਆਲੇ ਦੀ ਸੁਰੱਖਿਆ ਅਤੇ ਸਫ਼ਾਈ ਦਾ ਧਿਆਨ ਰੱਖਣਾ ਚਾਹੀਦਾ ਹੈ।

ਦੀਵਾਲੀ ਦਾ ਮਕਸਦ ਖੁਸ਼ੀਆਂ ਅਤੇ ਚਾਨਣ ਵੰਡਣਾ ਹੈ। ਜੇਕਰ ਇਸ ਮੌਕੇ ਹਵਾ ਸਾਫ਼ ਰਹੇ, ਲੋਕ ਸੁਰੱਖਿਅਤ ਰਹਿਣ, ਖਾਣ-ਪੀਣ ਸਿਹਤਮੰਦ ਹੋਵੇ, ਜਨਤਕ ਥਾਵਾਂ ਸਾਫ਼ ਰਹਿਣ ਅਤੇ ਲੋੜਵੰਦਾਂ ਨੂੰ ਵੀ ਖੁਸ਼ੀਆਂ ਵਿੱਚ ਸ਼ਾਮਲ ਕੀਤਾ ਜਾਵੇ ਤਾਂ ਇਸ ਤਿਉਹਾਰ ਦੀ ਮਹੱਤਤਾ ਹੋਰ ਵਧ ਸਕਦੀ ਹੈ। ਅਸਲ ਰੌਸ਼ਨੀ ਸਿਰਫ਼ ਘਰਾਂ ਵਿੱਚ ਜਗਦੇ ਦੀਵਿਆਂ ਨਾਲ ਨਹੀਂ, ਸਗੋਂ ਸਾਡੇ ਵਿਹਾਰ, ਸਾਂਝ ਅਤੇ ਜ਼ਿੰਮੇਵਾਰੀ ਨਾਲ ਵੀ ਫੈਲਦੀ ਹੈ।

ਗਿਆਨ ਦੀ ਕੁੰਜੀ: ਸੁਣਨਾ, ਸਮਝਣਾ ਅਤੇ ਸੰਵਾਦ



ਪੈ.ਗਾਮ
ਪੈ.ਗਾਮ-ਏ-ਜਗਤ
ਜਗਤ

ਮਨੁੱਖ ਨੂੰ ਹੋਰ ਜੀਵਾਂ ਤੋਂ ਵੱਖਰਾ ਬਣਾਉਣ ਵਾਲੀ ਸਭ ਤੋਂ ਵੱਡੀ ਤਾਕਤ ਉਸ ਦੀ ਸਿੱਖਣ ਦੀ ਸਮਰੱਥਾ ਹੈ। ਸਿੱਖਣ ਦੀ ਇਹ ਪ੍ਰਕਿਰਿਆ ਕੇਵਲ ਕਿਤਾਬਾਂ ਪੜ੍ਹਨ ਨਾਲ ਹੀ ਪੂਰੀ ਨਹੀਂ ਹੁੰਦੀ, ਸਗੋਂ ਧਿਆਨ ਨਾਲ ਸੁਣਨ, ਗਹਿਰਾਈ ਨਾਲ ਸਮਝਣ ਅਤੇ ਅਰਥਪੂਰਨ ਸੰਵਾਦ ਕਰਨ ਨਾਲ ਸੰਪੂਰਨ ਬਣਦੀ ਹੈ। ਗਿਆਨ ਦਾ ਅਸਲ ਆਧਾਰ ਸਿਰਫ਼ ਜਾਣਕਾਰੀ ਇਕੱਠੀ ਕਰਨਾ ਨਹੀਂ, ਬਲਕਿ ਉਸ ਨੂੰ ਸਮਝਣਾ, ਪਰਖਣਾ ਅਤੇ ਜੀਵਨ ਵਿੱਚ ਲਾਗੂ ਕਰਨਾ ਹੈ।

ਅੱਜ ਦਾ ਯੁੱਗ ਜਾਣਕਾਰੀ ਦਾ ਯੁੱਗ ਹੈ। ਮੋਬਾਈਲ ਫੋਨ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਰਾਹੀਂ ਹਰ ਪਲ ਅਣਗਿਣਤ ਜਾਣਕਾਰੀਆਂ ਸਾਡੇ ਸਾਹਮਣੇ ਆ ਰਹੀਆਂ ਹਨ। ਪਰ ਜ਼ਰੂਰੀ ਨਹੀਂ ਕਿ ਹਰ ਜਾਣਕਾਰੀ ਗਿਆਨ ਬਣ ਜਾਵੇ। ਜਾਣਕਾਰੀ ਨੂੰ ਗਿਆਨ ਵਿੱਚ ਬਦਲਣ ਲਈ ਧਿਆਨ ਨਾਲ ਸੁਣਨਾ, ਸੋਚ-ਵਿਚਾਰ ਕਰਨਾ ਅਤੇ ਦੂਜਿਆਂ ਨਾਲ ਵਿਚਾਰ ਸਾਂਝੇ ਕਰਨਾ ਲਾਜ਼ਮੀ ਹੈ।

ਸੁਣਨਾ ਇੱਕ ਕਲਾ ਹੈ

ਬਹੁਤ ਸਾਰੇ ਲੋਕ ਬੋਲਣਾ ਤਾਂ ਸਿੱਖ ਲੈਂਦੇ ਹਨ, ਪਰ ਸੁਣਨਾ ਨਹੀਂ ਸਿੱਖਦੇ। ਅਸਲ ਵਿੱਚ ਚੰਗਾ ਸੁਣਨ ਵਾਲਾ ਹੀ ਚੰਗਾ ਸਿੱਖਣ ਵਾਲਾ ਹੁੰਦਾ ਹੈ। ਜਦੋਂ ਅਸੀਂ ਕਿਸੇ ਦੀ ਗੱਲ ਧਿਆਨ ਨਾਲ ਸੁਣਦੇ ਹਾਂ, ਤਾਂ ਸਾਨੂੰ ਉਸ ਦੇ ਤਜਰਬੇ, ਵਿਚਾਰ ਅਤੇ ਭਾਵਨਾਵਾਂ ਨੂੰ ਸਮਝਣ ਦਾ ਮੌਕਾ ਮਿਲਦਾ ਹੈ। ਇਸ ਨਾਲ ਸਾਡੀ ਸੋਚ ਵਿਸ਼ਾਲ ਬਣਦੀ ਹੈ ਅਤੇ ਫੈਸਲੇ ਕਰਨ ਦੀ ਸਮਰੱਥਾ ਵਿੱਚ ਵੀ ਵਾਧਾ ਹੁੰਦਾ ਹੈ।

ਅਧਿਆਪਕ ਦੀ ਕਲਾਸ ਹੋਵੇ, ਮਾਪਿਆਂ ਦੀ ਸਲਾਹ ਹੋਵੇ ਜਾਂ ਕਿਸੇ ਵਿਗਿਆਨੀ ਦਾ ਭਾਸ਼ਣ—ਜੇ ਅਸੀਂ ਧਿਆਨ ਨਾਲ ਸੁਣਦੇ ਹਾਂ ਤਾਂ ਉਹੀ ਗੱਲਾਂ ਸਾਡੀ ਜ਼ਿੰਦਗੀ ਦਾ ਰੁਖ ਬਦਲ ਸਕਦੀਆਂ ਹਨ।

ਸਮਝਣਾ ਹੀ ਅਸਲ ਸਿੱਖਿਆ ਹੈ

ਰਟਣਾ ਅਤੇ ਸਮਝਣਾ ਦੋ ਵੱਖ-ਵੱਖ ਗੱਲਾਂ ਹਨ। ਰਟਿਆ ਹੋਇਆ ਗਿਆਨ ਕੁਝ ਸਮੇਂ ਬਾਅਦ ਭੁੱਲਿਆ ਜਾ ਸਕਦਾ ਹੈ, ਪਰ ਸਮਝਿਆ ਹੋਇਆ ਗਿਆਨ ਸਾਰੀ ਉਮਰ ਸਾਥ ਦਿੰਦਾ ਹੈ। ਜਦੋਂ ਵਿਦਿਆਰਥੀ ਕਿਸੇ ਵਿਸ਼ੇ ਨੂੰ ਸਮਝ ਕੇ ਪੜ੍ਹਦੇ ਹਨ, ਤਾਂ ਉਹ ਨਾ ਸਿਰਫ਼ ਪ੍ਰੀਖਿਆ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹਨ, ਸਗੋਂ ਅਸਲ ਜੀਵਨ ਦੀਆਂ ਸਮੱਸਿਆਵਾਂ ਦਾ ਹੱਲ ਵੀ ਲੱਭ ਸਕਦੇ ਹਨ।

ਅੱਜ ਦੀ ਸਿੱਖਿਆ ਪ੍ਰਣਾਲੀ ਵਿੱਚ ਵੀ ਯਾਦ ਕਰਨ ਦੀ ਬਜਾਏ ਸਮਝ, ਵਿਸ਼ਲੇਸ਼ਣ ਅਤੇ ਰਚਨਾਤਮਕ ਸੋਚ ਨੂੰ ਵੱਧ ਮਹੱਤਵ ਦਿੱਤਾ ਜਾ ਰਿਹਾ ਹੈ। ਇਹ ਬਦਲਾਅ ਵਿਦਿਆਰਥੀਆਂ ਨੂੰ ਭਵਿੱਖ ਲਈ ਵਧੇਰੇ ਸਮਰੱਥ ਬਣਾ ਰਿਹਾ ਹੈ।

ਸੰਵਾਦ ਨਾਲ ਵਧਦਾ ਹੈ ਗਿਆਨ

ਸੰਵਾਦ ਸਿਰਫ਼ ਗੱਲਬਾਤ ਨਹੀਂ, ਸਗੋਂ ਵਿਚਾਰਾਂ ਦਾ ਆਦਾਨ-ਪ੍ਰਦਾਨ ਹੈ। ਜਦੋਂ ਦੋ ਜਾਂ ਵੱਧ ਲੋਕ ਆਪਣੇ ਵਿਚਾਰ ਸਾਂਝੇ ਕਰਦੇ ਹਨ, ਤਾਂ ਨਵੇਂ ਵਿਚਾਰ ਜਨਮ ਲੈਂਦੇ ਹਨ। ਪਰਿਵਾਰ, ਸਕੂਲ, ਦਫ਼ਤਰ ਅਤੇ ਸਮਾਜ ਵਿੱਚ ਖੁੱਲ੍ਹਾ ਅਤੇ ਸਨਮਾਨਪੂਰਵਕ ਸੰਵਾਦ ਵਿਸ਼ਵਾਸ ਅਤੇ ਸਹਿਯੋਗ ਨੂੰ ਮਜ਼ਬੂਤ ਕਰਦਾ ਹੈ।

ਇੱਕ ਵਿਦਿਆਰਥੀ ਜਦੋਂ ਆਪਣੇ ਅਧਿਆਪਕ ਨੂੰ ਸਵਾਲ ਪੁੱਛਦਾ ਹੈ, ਤਾਂ ਉਹ ਸਿਰਫ਼ ਜਵਾਬ ਹੀ ਨਹੀਂ ਲੈਂਦਾ, ਸਗੋਂ ਆਪਣੀ ਸੋਚ ਨੂੰ ਵੀ ਨਵਾਂ ਆਕਾਰ ਦਿੰਦਾ ਹੈ। ਇਸੇ ਤਰ੍ਹਾਂ, ਵਿਗਿਆਨ, ਸਾਹਿਤ ਅਤੇ ਸਮਾਜਿਕ ਵਿਕਾਸ ਦੇ ਬਹੁਤ ਸਾਰੇ ਨਵੇਂ ਵਿਚਾਰ ਸੰਵਾਦ ਰਾਹੀਂ ਹੀ ਜਨਮ ਲੈਂਦੇ ਹਨ।



ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ, ਮਲੋਟ, ਪੰਜਾਬ

ਡਿਜ਼ਿਟਲ ਯੁੱਗ ਵਿੱਚ ਸੁਣਨ ਅਤੇ ਸੰਵਾਦ ਦੀ ਚੁਣੌਤੀ

ਅੱਜ ਲੋਕ ਇੱਕ-ਦੂਜੇ ਨਾਲੋਂ ਵੱਧ ਸਕ੍ਰੀਨਾਂ ਨਾਲ ਜੁੜੇ ਹੋਏ ਹਨ। ਸੋਸ਼ਲ ਮੀਡੀਆ 'ਤੇ ਹਰ ਕੋਈ ਆਪਣੀ ਗੱਲ ਕਹਿਣਾ ਚਾਹੁੰਦਾ ਹੈ, ਪਰ ਦੂਜਿਆਂ ਨੂੰ ਸੁਣਨ ਲਈ ਘੱਟ ਤਿਆਰ ਹੁੰਦਾ ਹੈ। ਇਸ ਕਾਰਨ ਗਲਤਫ਼ਹਿਮੀਆਂ, ਤਣਾਅ ਅਤੇ ਮਤਭੇਦ ਵਧ ਰਹੇ ਹਨ। ਸਾਨੂੰ ਡਿਜ਼ਿਟਲ ਮਾਧਿਅਮਾਂ ਦੀ ਵਰਤੋਂ ਕਰਦੇ ਹੋਏ ਵੀ ਸੱਭਿਆਚਾਰਕ ਅਤੇ ਸੰਵੇਦਨਸ਼ੀਲ ਸੰਵਾਦ ਦੀ ਆਦਤ ਵਿਕਸਿਤ ਕਰਨੀ ਚਾਹੀਦੀ ਹੈ। ਅਸਹਿਮਤੀ ਹੋ ਸਕਦੀ ਹੈ, ਪਰ ਸਨਮਾਨਪੂਰਵਕ ਗੱਲਬਾਤ ਹੀ ਲੋਕਤੰਤਰ ਅਤੇ ਸਮਾਜ ਦੀ ਮਜ਼ਬੂਤੀ ਦਾ ਆਧਾਰ ਹੈ।

ਪਰਿਵਾਰ ਅਤੇ ਸਕੂਲ ਦੀ ਭੂਮਿਕਾ

ਬੱਚਿਆਂ ਵਿੱਚ ਸੁਣਨ ਅਤੇ ਸੰਵਾਦ ਕਰਨ ਦੀ ਆਦਤ ਘਰ ਤੋਂ ਹੀ ਸ਼ੁਰੂ ਹੁੰਦੀ ਹੈ। ਜੇ ਮਾਪੇ ਬੱਚਿਆਂ ਦੀ ਗੱਲ ਧਿਆਨ ਨਾਲ ਸੁਣਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦੇ ਹਨ, ਤਾਂ ਬੱਚਿਆਂ ਦਾ ਆਤਮ-ਵਿਸ਼ਵਾਸ ਵਧਦਾ ਹੈ। ਇਸੇ ਤਰ੍ਹਾਂ ਅਧਿਆਪਕ ਜੇ ਵਿਦਿਆਰਥੀਆਂ ਨੂੰ ਸਵਾਲ ਪੁੱਛਣ ਅਤੇ ਵਿਚਾਰ ਪ੍ਰਗਟ ਕਰਨ ਲਈ ਪ੍ਰੇਰਿਤ ਕਰਨ, ਤਾਂ ਸਿੱਖਣ ਦੀ ਪ੍ਰਕਿਰਿਆ ਹੋਰ ਪ੍ਰਭਾਵਸ਼ਾਲੀ ਬਣ ਜਾਂਦੀ ਹੈ।

ਸਫਲਤਾ ਦਾ ਰਾਜ਼

ਦੁਨੀਆ ਦੇ ਮਹਾਨ ਵਿਗਿਆਨੀ, ਨੇਤਾ ਅਤੇ ਚਿੰਤਕ ਸਿਰਫ਼ ਚੰਗੇ ਵਕਤਾ ਹੀ ਨਹੀਂ ਸਨ, ਸਗੋਂ ਉਹ ਸ਼ਾਨਦਾਰ ਸਰੋਤੇ ਵੀ ਸਨ। ਉਹ ਦੂਜਿਆਂ ਦੇ ਵਿਚਾਰ ਸੁਣਦੇ, ਉਨ੍ਹਾਂ 'ਤੇ ਮਨਨ ਕਰਦੇ ਅਤੇ ਫਿਰ ਨਵੇਂ ਵਿਚਾਰ ਪੈਦਾ ਕਰਦੇ ਸਨ। ਇਹੀ ਗੁਣ ਉਨ੍ਹਾਂ ਨੂੰ ਸਫਲ ਬਣਾਉਂਦੇ ਸਨ। ਗਿਆਨ ਦਾ ਅਸਲ ਰਸਤਾ ਸਿਰਫ਼ ਪੜ੍ਹਨ ਨਾਲ ਨਹੀਂ, ਸਗੋਂ ਸੁਣਨ, ਸਮਝਣ ਅਤੇ ਸੰਵਾਦ ਕਰਨ ਨਾਲ ਖੁੱਲ੍ਹਦਾ ਹੈ। ਜੇ ਅਸੀਂ ਧਿਆਨ ਨਾਲ ਸੁਣਨਾ ਸਿੱਖ ਲਈਏ, ਗੱਲਾਂ ਨੂੰ ਗਹਿਰਾਈ ਨਾਲ ਸਮਝੀਏ ਅਤੇ ਖੁੱਲ੍ਹੇ ਮਨ ਨਾਲ ਸੰਵਾਦ ਕਰੀਏ, ਤਾਂ ਅਸੀਂ ਨਾ ਸਿਰਫ਼ ਵਧੀਆ ਵਿਦਿਆਰਥੀ ਜਾਂ ਪੇਸ਼ੇਵਰ ਬਣਾਂਗੇ, ਸਗੋਂ ਵਧੀਆ ਇਨਸਾਨ ਵੀ ਬਣਾਂਗੇ। ਅੱਜ ਦੇ ਤੇਜ਼ੀ ਨਾਲ ਬਦਲਦੇ ਸੰਸਾਰ ਵਿੱਚ ਇਹ ਤਿੰਨ ਗੁਣ—ਸੁਣਨਾ, ਸਮਝਣਾ ਅਤੇ ਸੰਵਾਦ—ਹੀ ਅਸਲ ਗਿਆਨ ਦੀ ਕੁੰਜੀ ਹਨ। ਜੋ ਵਿਅਕਤੀ ਇਨ੍ਹਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲੈਂਦਾ ਹੈ, ਉਹ ਨਿਰੰਤਰ ਸਿੱਖਦਾ ਹੈ, ਤਰੱਕੀ ਕਰਦਾ ਹੈ ਅਤੇ ਸਮਾਜ ਲਈ ਵੀ ਇੱਕ ਸਕਾਰਾਤਮਕ ਪ੍ਰੇਰਣਾ ਬਣਦਾ ਹੈ।

ਆਓ ਜਾਣੀਏ ਪਿੰਡਾਂ ਦੀ ਨੰਬਰਦਾਰੀ ਦਾ ਇਤਿਹਾਸ ਤੇ ਪਰੰਪਰਾ



ਪੈ.ਗਾਮ
ਪੈ.ਗਾਮ-ਏ-ਜਗਤ
ਜਗਤ

ਭਾਰਤ ਨੂੰ ਪਿੰਡਾਂ ਦਾ ਦੇਸ਼ ਕਿਹਾ ਜਾਂਦਾ ਹੈ। ਮੇਰੇ ਮਹਾਨ ਭਾਰਤ ਵਿੱਚ 664369 ਪਿੰਡ ਹਨ ਜਦ ਕਿ ਪੰਜਾਬ ਵਿੱਚ ਪਿੰਡਾ ਦੀ ਗਿਣਤੀ 12581 ਹੈ।

ਹਰ ਪਿੰਡ ਨੂੰ ਲੋਕਤੰਤਰ ਦੀ ਮੁੱਢਲੀ ਇਕਾਈ ਮੰਨਿਆਂ ਜਾਂਦਾ ਹੈ ਅਤੇ ਹਰ ਪੰਜ ਸਾਲ ਬਾਅਦ ਗ੍ਰਾਮ ਪੰਚਾਇਤ ਲਈ ਸਰਪੰਚ ਅਤੇ ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ।ਹਰ ਪਿੰਡ ਵਿੱਚ ਪੱਤੀ ਅਨੁਸਾਰ ਨੰਬਰਦਾਰ ਦਾ ਅਹੁਦਾ ਵੀ ਹੈ। ਵੱਡੇ ਪਿੰਡਾਂ ਵਿੱਚ ਦੋ ਪੱਤੀਆਂ ਹੋਣ ਕਾਰਨ ਪਿੰਡ ਵਿੱਚ ਦੋ ਨੰਬਰਦਾਰ ਵੀ ਹੁੰਦੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਨੰਬਰਦਾਰੀ ਦਾ ਇਤਿਹਾਸ ਬਹੁਤ ਪੁਰਾਣਾ ਹੈ।

ਨੰਬਰਦਾਰ ਸ਼ਬਦ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ। ਨੰਬਰ+ਦਾਰ। ਨੰਬਰ ਭਾਵ ਜ਼ਮੀਨ ਦੇ ਲਗਾਨ (ਮਾਲੀਏ) ਦਾ ਹਿੱਸਾ ਜਾਂ ਪ੍ਰਤੀਸ਼ਤ, ਅਤੇ ਦਾਰ ਭਾਵ ਰੱਖਣ ਵਾਲਾ। ਜਿਸ ਦਾ ਭਾਵ ਸੀ ਨੰਬਰਦਾਰ ਸਰਕਾਰ ਦਾ ਲਗਾਨ ਇਕੱਠਾ ਕਰਕੇ ਰੱਖੇ। ਮਾਝੇ ਵਿੱਚ ਨੰਬਰਦਾਰ' ਨੂੰ ਲੰਬੜਦਾਰ ਵੀ ਕਿਹਾ ਜਾਂ

ਕਹਾਣੀ/ਭੁਲੇਖਾ



ਮੈਂ ਅਤੇ ਮੇਰਾ ਦੋਸਤ ਅਸ਼ੋਕ, ਜਨਤਾ ਗੱਡੀ ਜਿਹੜੀ ਸਵੇਰੇ 7 ਕੁ ਵਜੇ ਬਠਿੰਡਾ ਤੋਂ ਚੱਲਦੀ ਹੈ ਉਸ ਵਿੱਚ ਬੈਠ ਕੇ ਦਿੱਲੀ ਜਾ ਰਹੇ ਸੀ। ਅਸੀਂ ਅਕਸਰ ਦੋਨੋਂ ਇਕੱਠੇ ਦਿੱਲੀ ਜਾਇਆ ਕਰਦੇ ਸੀ, ਦੁਕਾਨ ਦਾ ਸਮਾਨ ਲੈਣ ਲਈ। ਕਿਉਂਕਿ ਅਸੀਂ ਦੋਨੋਂ ਹੀ ਇਲੈਕਟ੍ਰੋਨਿਕਸ ਦੇ ਸਮਾਨ ਦੀਆਂ ਦੁਕਾਨਾਂ ਕਰਦੇ ਸੀ। ਗੱਡੀ ਵਿੱਚ ਕੋਈ ਤਾਸ਼ ਖੇਡਣ ਲੱਗ ਜਾਂਦਾ, ਕੋਈ ਕਿਤਾਬ ਪੜ੍ਹਨ ਲੱਗ ਜਾਂਦਾ, ਕੋਈ ਅਖ਼ਬਾਰ ਦੇਖ ਰਿਹਾ ਹੁੰਦਾ ਤੇ ਕੋਈ ਮੋਬਾਈਲ ਦੇਖਦਾ ਰਹਿੰਦਾ। ਕੋਈ ਕੁਸ਼ ਤੇ ਕੋਈ ਕੁਸ਼। ਪਰ ਸਾਹਿਤ ਵਿੱਚ ਰੁਚੀ ਰੱਖਣ ਕਰਕੇ ਅਸੀਂ ਦੋਨੋਂ ਇੱਕ ਦੂਜੇ ਨੂੰ ਕੋਈ ਨਾ ਕੋਈ ਕਹਾਣੀ ਜਾਂ ਹੱਡਬੀਤੀ ਸੁਣਾਉਣ ਲੱਗ ਜਾਂਦੇ ਤਾਂ ਕਿ ਸਮਾਂ ਸੌਖਾ ਪਾਸ ਹੋ ਜਾਵੇ।

ਪੈ.ਗਾਮ ਪੈ.ਗਾਮ-ਏ-ਜਗਤ ਜਗਤ

ਓਸ ਦਿਨ ਮੇਰੇ ਦੋਸਤ ਅਸ਼ੋਕ ਨੇ ਇੱਕ ਗੱਲ ਸੁਨਾਉਣੀ ਸ਼ੁਰੂ ਕਰ ਦਿੱਤੀ। ਅਸ਼ੋਕ ਦੀ ਇੱਕ ਆਦਤ ਮਾੜੀ ਸੀ ਕਿ ਉਹ ਦੂਜੇ ਨੂੰ ਹੁੰਗਾਰਾ ਭਰਨ ਦਾ ਮੌਕਾ ਵੀ ਨਾ ਦਿੰਦਾ। ਕਹਿੰਦਾ ÷ਗੱਲ ਸੰਨ 2010 ਦੀ ਹੈ। ਨਵੰਬਰ ਦਾ ਮਹੀਨਾ ਸੀ.. ਉਨ੍ਹਾਂ ਦਿਨਾਂ ਚ ਵਿਆਹ ਦਾ ਸਾਹਾ ਬਹੁਤ ਜ਼ੋਰਾਂ ਤੇ ਸੀ। ਹਰ ਰੋਜ਼ ਕੋਈ ਨਾ ਕੋਈ ਵਿਆਹ ਹੁੰਦਾ। ਕਈ ਵਾਰ ਤਾਂ ਇੱਕ ਦਿਨ ਚ ਦੋ ਤਿੰਨ ਵਿਆਹਾਂ ਦੇ ਕਾਰਡ ਵੀ ਆ ਜਾਂਦੇ।

ਉਨ੍ਹਾਂ ਦਿਨਾਂ ਵਿੱਚ ਭਾਈ ਇੱਕ ਦਿਨ, ਰਾਤ ਦੇ 8 ਕੁ ਵਜੇ ਥੋੜ੍ਹੀਆਂ ਥੋੜ੍ਹੀਆਂ ਕਣੀਆਂ ਪੈ ਰਹੀਆਂ ਸੀ। ਮੈਂ ਘਰ ਦਿਆਂ ਨੂੰ ਕਿਹਾ ਕਿ ਮੈਂ ਕਿਸੇ ਦੋਸਤ ਦੇ ਮੁੰਡੇ ਦੇ ਵਿਆਹ ਜਾਕੇ ਆਉਨੈ। ਘਰ ਵਾਲ?ੀ ਕਹਿੰਦੀ ÷ਮੀਂਹ ਤਾਂ ਪਈ ਜਾਂਦੈ....ਕੀ ਕਰੋਗੇ ਜਾਕੇ....ਰਹਿਣ ਦਿਓ ਜਾਣ ਨੂੰ.....। ਮੈਂ ਕਿਹਾ, ਕੋਈ ਗੱਲ ਨੀ ਮੈਂ ਛੇਤੀ ਆਜੂੰਗਾ ਅੱਜ ਦਾ ਵਿਆਹ ਤਾਂ ਬਹੁਤ ਹੀ ਜ਼ਰੂਰੀ ਹੈ। ਕਿਓਂਕਿ ਜੀਹਦੇ ਮੁੰਡੇ ਦਾ ਵਿਆਹ ਹੈ ਉਹ ਮੇਰੇ ਕੋਲ ਦੁਕਾਨ ਤੋਂ ਸਮਾਨ ਲੈਣ ਲਈ ਆਉਂਦਾ ਹੁੰਦੈ ਅਤੇ ਉਹ 6 ਕੁ ਮਹੀਨੇ ਪਹਿਲਾਂ ਹੀ ਆਪਣੇ ਸ਼ਹਿਰ ਚ ਬਦਲ ਕੇ ਆਇਆ। ਪਰ ਮੇਰਾ ਚੰਗਾ ਦੋਸਤ ਬਣ ਗਿਆ। ਬਹੁਤ ਹੀ ਵਧੀਆ ਅਤੇ ਹਸਮੁੱਖ ਸੁਭਾਅ ਦਾ ਮਾਲਕ ਹੈ। ਜੇਕਰ ਵਿਆਹ ਨਾ ਗਿਆ ਤਾਂ ਉਹ ਬਹੁਤ ਨਰਾਜ਼ ਹੋਜੂਗਾ। ਉਹਨੇ ਕਹਿਣੈ ਇਸ ਸ਼ਹਿਰ ਵਿੱਚ ਮੇਰੇ, ਤੁਸੀਂ ਦੋ ਹੀ ਤਾਂ ਦੋਸਤ ਹੋ ਇੱਕ ਤੁਸੀਂ ਤੇ ਇੱਕ ਉਹ ਭੋਲਾ ਬੱਸ ਅੱਡੇ ਵਾਲਾ। ਭੋਲੇ ਨੂੰ ਮੈਂ ਵੀ ਚੰਗੀ ਤਰ੍ਹਾਂ ਜਾਣਦਾ ਸੀ।

ਮੈਂ ਕਿਹਾ ਅੱਛਾ ਫ਼ੇਰ ! ਅੱਗੇ ਸੁਣਾ, ਕਹਿੰਦਾ ਅੱਗੇ ਸੁਣਲੈ, ਮੈਂ ਘਰੋਂ ਇਕੱਲਾ ਹੀ ਮੋਟਰ ਸਾਈਕਲ ਤੇ ਚੱਲ ਪਿਆ। ਪੈਲੇਸ ਵਿਚ ਪਹੁੰਚ ਕੇ ਦੇਖਿਆ ਤਾਂ ਅਜੇ ਕੁੜੀ ਵਾਲੇ ਹੀ ਆਏ ਸੀ ਤੇ ਸਟਾਲਾਂ ਵਗੈਰਾ ਹੁਣੇ ਸ਼ੁਰੂ ਹੋਈਆਂ ਲੱਗਦੀਆਂ ਸੀ। ਪਰ ਬੂੰਦਾ ਬਾਂਦੀ ਅਜੇ ਵੀ ਹੋ ਰਹੀ ਸੀ ਤੇ ਥੋੜ੍ਹਾ ਥੋੜ੍ਹਾ ਪੈੱਗ ਸ਼ੈਗ ਦਾ ਦੌਰ ਵੀ ਸ਼ੁਰੂ ਹੋ ਚੁੱਕਿਆ ਸੀ। ਓਥੇ ਹੀ ਇੱਕ ਪਾਸੇ ਬੋਰਡ ਉੱਪਰ ਵੱਡੇ ਅੱਖਰਾਂ ਚ ਲਿਖਿਆ ਹੋਇਆ ਸੀ ਕਿ..

ਸ਼ਰਾਬ ਪੀਣਾ ਸਿਹਤ ਲਈ ਹਾਨੀਕਾਰਕ ਹੈ

ਆਮ ਤੌਰ ਤੇ ਆਪਾਂ ਦੇਖਦੇ ਹਾਂ ਕਿ ਮੁੰਡੇ ਵਾਲੇ ਘੋੜੀ ਤੇ ਜਾਂ ਰੱਥ ਵਗ਼ੈਰਾ ਤੇ ਨੱਚਦੇ ਨਚਾਉਂਦੇ ਪੈਲੇਸ ਵਿੱਚ ਲੇਟ ਹੀ ਪਹੁੰਚਦੇ ਹਨ। ਹੁਣ ਸਾਢੇ ਕੁ ਅੱਠ ਦਾ ਟੈਮ ਸੀ। ਮੈਂ ਵੀ ਇੱਕ ਟੇਬਲ ਤੇ ਬੈਠ ਗਿਆ ਜਿੱਥੇ ਲੋਕ ਪੈੱਗ ਸ਼ੈਗ ਲਾਉਣ ਦੀ ਤਿਆਰੀ ਵਿੱਚ ਸਨ। ਪਰ ਮੇਰਾ ਕੋਈ ਵਾਕਫ਼ਕਾਰ ਨਹੀਂ ਸੀ, ਉਸ ਟੇਬਲ ਤੇ। ਮੈਂ ਸੋਚਿਆ ਵਿਆਹ ਵਿੱਚ ਸ਼ਹਿਰ ਦੇ ਬੰਦੇ ਤਾਂ ਘੱਟ ਹੀ ਬੁਲਾਏ ਹੋਣੇ ਐਂ। ਜ਼ਿਆਦਾਤਰ ਇਨ੍ਹਾਂ ਦੇ ਆਵਦੇ ਰਿਸ਼ਤੇਦਾਰ ਹੀ ਹੋਣਗੇ। ਪਰ ਇਕੱਠ ਦੇਖਕੇ ਲੱਗਦਾ ਨਹੀਂ ਸੀ ਕਿ ਬੰਦਾ ਇਸ ਸ਼ਹਿਰ ਵਿੱਚ ਨਵਾਂ ਆਇਆ ਹੋਣੈ? ਐਨੇ ਵਿੱਚ.. ਵੇਟਰ ਸਾਰਿਆਂ ਵਾਸਤੇ ਪੈੱਗ ਬਣਾਕੇ ਲੈ ਆਇਆ। ਉਸ ਟੇਬਲ ਤੇ ਬੈਠੇ ਸਾਰੇ ਆਦਮੀਆਂ ਅੱਗੇ ਵੇਟਰ ਨੇ ਉਹ ਪੈੱਗ ਦੇ ਭਰੇ ਗਿਲਾਸ ਰੱਖ ਦਿੱਤੇ। ਮੇਰਾ ਚਿੱਤ ਤਾਂ ਕਰਦਾ ਸੀ.. ਕਿ ਇੱਕ ਮੋਟਾ ਜਾ ਪੈਗ ਲਾ ਲਵਾਂ.., ਪਰ ਮੇਰੀ ਨਿਗ?ਹਾ ਉਸ ਬੋਰਡ ਉੱਪਰ ਪੈ ਗਈ। ਬੋਰਡ ਉੱਪਰ 'ਸ਼ਰਾਬ ਪੀਣਾ ਸਿਹਤ ਲਈ ਹਾਨੀਕਾਰਕ' ਪੜ੍ਹ ਕੇ, ਮੈਂ ਖਿਆਲਾਂ ਵਿੱਚ ਡੁੱਬ ਗਿਆ.... 'ਕਿ ਕਿਵੇਂ..? ਪਿਛਲੇ ਸਾਲ ਮੇਰਾ ਦੋਸਤ.. ਸ਼ਰਾਬ ਨਾਲ ਖ਼ਰਾਬ ਹੋਏ ਲਿਵਰ ਕਰਕੇ.. ਇਸ ਦੁਨੀਆਂ ਤੋਂ ਚਲਾ ਗਿਆ ਸੀ'..। ਉਹ ਬੋਰਡ ਪੜ੍ਹ ਕੇ ਮੈਨੂੰ ਪੈਗ ਲਾਉਣਾ ਔਖਾ ਹੋ ਗਿਆ। ਦਿਮਾਗ਼ ਨੇ ਕਿਹਾ ਮੁਫ਼ਤ ਦੇ ਚੱਕਰ ਵਿੱਚ ਆਵਦਾ ਲਿਵਰ ਤਾਂ ਨੀ ਖ਼ਰਾਬ ਕਰਨਾ ਯਾਰ? ਮੈਂ ਵੇਟਰ ਤੋਂ ਵਾਰ ਵਾਰ ਇੱਕ ਗਲਾਸ ਜੂਸ ਦਾ ਮੰਗਵਾ ਲੈਂਦਾ ਤੇ ਉਸ ਨੂੰ ਦਾਰੂ ਸਮਝ ਕੇ ਪੀਂਦਾ ਰਿਹਾ ਅਤੇ ਵੇਟਰ ਕਈ ਤਰ੍ਹਾਂ ਦੇ ਨਵੀਂ ਨਵੀਂ ਕਿਸਮ ਦੇ ਸਨੈਕਸ ਲੈਕੇ ਆ ਰਿਹਾ ਸੀ। ਕਈ ਤਾਂ ਦੇਖਣ ਵਿੱਚ ਨਾਨ ਵੈਜ ਵਰਗੇ ਲੱਗਦੇ ਸੀ। ਨਾਲੇ ਨਵੰਬਰ ਦਾ ਮਹੀਨਾ ਤੇ ਉੱਤੋਂ ਕਣੀਆਂ ਪੈ ਰਹੀਆਂ ਸੀ। ਪੈਗ ਨਾਲੋਂ ਵੱਧ ਸਵਾਦ ਆ ਗਿਆ..। ਫੇਰ ਮੈਂ.. ਸੋਚਿਆ.. ਇਹ ਬੰਦਾ ਲੱਗਦਾ ਨੀ ਸੀ..? ਕਿ ਵਿਆਹ ਚ ਦਾਰੂ.. ਤੇ ਐਨੀ ਕਿਸਮ ਦੇ ਸਨੈਕਸ ਵੀ ਵਰਤੇਗਾ..? ਪਰ ਅੱਜ ਤਾਂ ਪੂਰਾ ਖੁੱਲ੍ਹ ਕੇ.. ਖ਼ਰਚਾ ਕੀਤੈ.., ਮਾਂ ਦੇ ਪੁੱਤ ਨੇ..? ਛੁਪਿਆ ਰੁਸਤਮ ਨਿੱਕਲਿਆ, ਮੈਨੂੰ ਤਾਂ ਕਹਿੰਦਾ ਸੀ... ਸਿੰਪਲ ਜਾਹ ਵਿਆਹ ਕਰਨੈ? ਓਧਰ ਸਾਡੀ ਪੈੱਗ ਤੇ ਜੂਸ ਪੀਂਦਿਆਂ ਦੀ ਫੋਟੋਗ੍ਰਾਫ਼ਰ ਨੇ ਵਧੀਆ ਮੂਵੀ ਬਣਾਈ। ਕਹਿਣ ਦਾ ਮਤਲਵ ਪੂਰਾ ਆਨੰਦ ਆ ਗਿਆ ਭਾਈ!

ਫੇਰ ਮੈਂ ਸਾਰੀਆਂ ਸਟਾਲਾਂ ਦੇਖੀਆਂ, ਤਾਂਕਿ ਵਿਆਹ ਪਿੱਛੋਂ ਜਦੋਂ ਦੋਸਤ ਪੁੱਛੂਗਾ, ਕਿ ਕਿਹੜੀ ਸਟਾਲ ਕਿਵੇਂ ਲੱਗੀ? ਤਾਂ ਕਿਵੇਂ ਦੱਸਾਂਗੇ ? ਪਹਿਲੀ ਸਟਾਲ ਤੋਂ ਸ਼ੁਰੂ ਹੋਇਆ ਪਹਿਲਾਂ ਜੂਸ ਪੀਤਾ, ਫਰੂਟ ਚਾਟ ਖਾਧੀ, ਗੋਲ ਗੱਪੇ, ਭੱਲੇ, ਟਿੱਕੀ, ਹੋਰ ਪਤਾ ਨੀ ਕਿੰਨੀ ਕਿਸਮ ਦੀਆਂ ਸਟਾਲਾਂ ਸੀ, ਸਮਾਨ ਖਾਧਾ ਨਹੀਂ ਜਾ ਰਿਹਾ ਸੀ। ਪਰ ਕੀ ਕਰਦਾ? ਕੱਲ੍ਹ ਦੋਸਤ ਨੂੰ ਦੱਸਣਾ ਵੀ ਸੀ... ਕਿਹੜੀ ਚੀਜ਼ ਕਿੰਨੀ ਸਵਾਦ ਸੀ।

ਕੈਮਰਿਆਂ ਵਾਲੇ ਵੀ ਦੋ ਤਿੰਨ ਫਿਰਦੇ ਸੀ। ਇੱਕ ਨੂੰ ਤਾਂ ਮੈਂ ਸਪੈਸ਼ਲ ਕਹਿ ਤਾ ਸੀ। ਕਿ ਤੂੰ ਮੇਰੀਆਂ ਸਾਰੀਆਂ ਸਟਾਲਾਂ ਤੇ ਖਾਂਦੇ ਦੀ ਮੂਵੀ ਬਣਾਉਣੀ ਹੈ। ਖ਼ੈਰ... ਉਹ ਬਣਾਉਂਦਾ ਵੀ ਰਿਹਾ। ਕਿਉਂਕਿ ਮੈਂ ਉਸਨੂੰ ਦੱਸ ਤਾ ਸੀ ਕਿ ਮੁੰਡੇ ਦਾ ਪਿਓ ਮੇਰਾ ਖ਼ਾਸ ਦੋਸਤ ਹੈ। ਐਨਾ ਸਮਾਨ ਖਾ ਖਾ ਕੇ ਮੇਰਾ ਤਾਂ ਢਿੱਡ ਭਰ ਗਿਆ ਭਾਈ।

ਹੁਣ ਮੈਂ ਸੋਚ ਰਿਹਾ ਸੀ ਕਿ ਰੋਟੀ... ਤਾਂ ਨੀ ਖਾਧੀ ਜਾਣੀ ਤੇ ਸ਼ਗਨ ਦੇ ਕੇ ਚੱਲਣਾ ਚਾਹੀਦੈ। ਹੁਣ 10 ਵੱਜਣ ਵਾਲੇ ਸੀ। ਪਰ ਬਰਾਤ ਅਜੇ ਤੱਕ ਨਹੀਂ ਸੀ ਆਈ। ਇੱਕ ਪਾਸੇ ਡੀਜੇ ਤੇ ਡਾਂਸ ਹੋ ਰਿਹਾ ਸੀ ਮੈਂ ਸੋਚਿਆ ਜਿੰਨਾ ਚਿਰ ਬਰਾਤ ਨੀ ਆਉਂਦੀ ਚਲੋ ਓਨਾ ਚਿਰ ਉੱਥੇ ਜਾਕੇ ਥੋੜ੍ਹਾ ਜਿਹਾ ਨੱਚ ਟੱਪ ਵੀ ਆਈਏ। ਜਦੋਂ ਓਧਰ ਨੂੰ ਜਾ ਰਿਹਾ ਸੀ ਤਾਂ ਮੇਰੇ ਇੱਕਦਮ ਯਾਦ ਆਇਆ.. ਕਿ ਵਿਆਹ ਵਾਲਿਆਂ ਨੇ ਮੇਰੇ ਇੱਕ ਹੋਰ ਦੋਸਤ ਭੋਲਾ... ਜਿਹੜਾ ਉਸ ਦਾ ਵੀ ਚੰਗਾ ਦੋਸਤ ਸੀ, ਨੂੰ ਜ਼ਰੂਰ ਵਿਆਹ ਵਿੱਚ ਬੁਲਾਇਆ ਹੋਣੈ...। ਜੀਹਦੀ ਮੈਂ ਪਹਿਲਾਂ ਗੱਲ ਵੀ ਕੀਤੀ ਸੀ ਓਹੀ ਬੱਸ ਅੱਡੇ ਵਾਲਾ...। ਉਹ ਵੀ ਇਥੇ ਕਿਤੇ ਹੀ ਵਿਆਹ ਚ ਫਿਰਦਾ ਹੋਊ....। ਉਹਨੂੰ ਫ਼ੋਨ ਕਰਦੇ ਐਂ...। ਉਹਨੂੰ ਫ਼ੋਨ ਮਿਲਾਇਆ ਤਾਂ ਓਹਨੇ ਚੱਕਿਆ ਨੀ। ਮੈਂ ਸੋਚਿਆ ਗਾਣੇ ਵੱਜਣ ਕਰਕੇ ਫ਼ੋਨ ਦੀ ਘੰਟੀ ਕਿੱਥੇ ਸੁਣਦੀ ਐ?



ਰਮੇਸ਼ ਐਮ.ਐਮ.
ਰੀਵਿਊ ਕਰਤਾ : ਹਾਸ-ਵਿਅੰਗਕਾਰ, ਬਠਿੰਡਾ

ਮੈਂ ਡੀਜੇ ਕੋਲ ਪਹੁੰਚ ਕੇ... ਸਪੈਸ਼ਲ ਆਵਦੀ ਪਸੰਦ ਦਾ ਇੱਕ ਗਾਣਾ ਲਵਾਕੇ... ਤੇ ਮੂਵੀ ਵਾਲੇ ਨੂੰ ਬੁਲਾ ਕੇ... ਵਧੀਆ ਨਾਗਿਨ ਡਾਂਸ ਕੀਤਾ। ਕਿਉਂਕਿ ਮੈਨੂੰ ਡਾਂਸ ਕਰਨ ਦਾ ਤੇ ਫੋਟੋਆਂ ਖਿਚਾਉਣ ਦਾ ਬਹੁਤ ਸ਼ੌਕ ਹੈ ਤੇ ਨਾਲੇ ਮੇਰਾ ਦੋਸਤ ਜਦੋਂ ਵਿਆਹ ਪਿੱਛੋਂ ਮੂਵੀ ਦੇਖੂਗਾ... ਤਾਂ ਖ਼ੁਸ਼ ਹੋਜੂਗਾ...। ਗੇਟ ਵੱਲ ਦੇਖਿਆ ਤਾਂ ਬਰਾਤ ਵੀ ਆ ਪਹੁੰਚੀ ਸੀ। ਮੈਂ ਵੀ ਬਰਾਤ ਵੱਲ ਨੂੰ ਹੋ ਤੁਰਿਆ...। ਬਰਾਤ ਵਾਲੇ ਪੈਲੇਸ ਚ ਪਹੁੰਚ ਕੇ ਡਾਂਸ ਦੀ ਸਾਰੀ ਕਸਰ ਪੂਰੀ ਕਰਦੇ ਹੁੰਦੇ ਐ...। ਓਥੇ ਬਰਾਤੀ ਜ਼ਬਰਦਸਤ ਡਾਂਸ ਕਰ ਰਹੇ ਸੀ ਤੇ ਦੋ ਦੋ ਕੈਮਰਿਆਂ ਵਾਲੇ ਮੂਵੀ ਬਣਾ ਰਹੇ ਸੀ। ਮੈਥੋਂ ਵੀ ਰਿਹਾ ਨਾ ਗਿਆ ਮੈਂ ਵੀ ਆਪਣਾ ਡਾਂਸ ਸ਼ੁਰੂ ਕਰ ਦਿੱਤਾ...। ਮੇਰਾ ਡਾਂਸ ਵਧੀਆ ਹੋਣ ਕਰਕੇ ਬਾਕੀ ਸਾਰੇ ਪਾਸੇ ਜਿਹੇ ਹੋ ਗਏ। ਫ਼ੇਰ ਦੋਨੋਂ ਕੈਮਰੇ ਵਾਲਿਆਂ ਨੇ ਮੇਰੇ ਇਕੱਲੇ ਦੀ, ਨੱਚਦੇ ਦੀ, ਵਿੰਗੇ ਟੇਢੇ.. ਹੋ.. ਹੋ.. ਕੇ.. ਬਹੁਤ ਵਧੀਆ ਮੂਵੀ ਬਣਾਈ। ਮੈਂ ਕਿਹਾ.. ਕੀ ਪੁਛਦੈਂ..? ਲੱਜ਼ਤ ਆ ਗਈ ਭਰਾਵਾ...। ਦੋਸਤ ਦੇ 'ਮੁੰਡੇ ਦੇ ਵਿਆਹ ਦਾ ਸਵਾਦ ਹੀ ਵੱਖਰਾ ਹੁੰਦੈ ਯਾਰ...। ਮੈਂ ਸੋਚ ਰਿਹਾ ਸੀ.... ਜਦੋਂ ਵੀ ਘਰ ਵਾਲੇ ਮੂਵੀ ਦੇਖਿਆ ਕਰਨਗੇ....? ਲਾਜ਼ਮੀ ਪੁੱਛਿਆ ਕਰਨਗੇ...? ਇਹ ਬੰਦਾ ਕੌਣ ਐ...? ਸਾਰੇ ਵਿਆਹ ਵਿੱਚ ਛਾਇਆ ਹੋਇਆ ਹੈ? ਮੈਂ ਤੇ ਮੇਰਾ ਪਰਿਵਾਰ ਤਾਂ ਇਸ ਨੂੰ ਜਾਣਦੇ ਹੀ ਨਹੀਂ। ਫੇਰ ਮੈਂ ਸੋਚਿਆ ਵਿਆਹ ਚ ਆਕੇ , ਥੋੜ੍ਹਾ ਬਹੁਤ ਫਰਕ ਤਾਂ ਪੈ ਹੀ ਜਾਂਦੈ÷! ਮੈਂ ਵੀ ਫ਼ੇਰ ਹੌਸਲਾ ਜਾ ਰੱਖਕੇ ਕਿਹਾ ਤੇਰੇ ਵਿੱਚ ਤਾਂ ਫ਼ਰਕ ਪਿਆ ਲੱਗਦਾ ਨੀ ? ਕਹਿੰਦਾ ਮੇਰੇ ਵਿੱਚ ਫ਼ਰਕ ਲੱਗੇ ਵੀ ਕਿਵੇਂ? ਮੈਂ ਕਿਹੜਾ ਵਿਆਹ ਚ ਆਇਐਂ? ਮੇਰੇ ਕੋਲ ਤਾਂ ਕੈਟਰਿੰਗ ਦਾ ਠੇਕਾ ਹੈ। ਵੈਸੇ ਪੁਲਿਸ ਵਾਲਿਆਂ ਦੇ ਵਿਆਹ ਦਾ ਇੱਕ ਫਾਇਦੈ, ਕਿ ਕੋਈ ਆਲਤੂ ਫਾਲਤੂ.. ਜਾਂ ਚੋਰ ਉਚੱਕਾ ਬੰਦਾ.. ਭੁੱਲਕੇ ਵੀ ਵਿਆਹ ਚ ਨੀ ਵੜ੍ਹਦਾ। ਸਾਰੇ ਪੁਲਿਸ ਵਾਲੇ ਹੀ ਫਿਰਦੇ ਐ, ਆਮ ਡਰੈੱਸ ਵਿੱਚ। ਹੋਰ ਲੋਕਾਂ ਦੇ ਵਿਆਹਾਂ ਵਿੱਚ ਤਾਂ ਅਸੀਂ ਵੀ ਪੈੱਗ ਸ਼ੈੱਗ ਲਾ ਲੈਂਦੇ ਹਾਂ ਪਰ ਇਨ੍ਹਾਂ ਦਾ ਕੀ ਪਤੈ? ਮਗਰੋਂ ਪੁੱਛਦੇ ਫਿਰਨ ਇਹ ਬੰਦਾ ਕੌਣ ਸੀ। ਗਾਹਾਂ ਅਗਲਿਆਂ ਦੇ ਮੂਵੀ ਬਣਾਉਣ ਵਾਲੇ ਵੀ ਦੋ ਦੋ ਫਿਰਦੇ ਐ!

ਮੈਨੂੰ ਆਏਂ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਸਾਰੀਆਂ ਗੱਲਾਂ ਮੈਨੂੰ ਹੀ ਕਹਿ ਰਿਹਾ ਹੋਵੇ। ਭਾਈ ਉਸ ਬੰਦੇ ਨੇ ਤਾਂ ਮੇਰੀ ਜਾਨ ਹੀ ਕੱਢ ਤੀ..। ਹਾਂ.. ਸੱਚ...! ਫੇਰ ਮੈਨੂੰ ਕਹਿੰਦਾ.. ਮੇਰੇ ਨਾਲ ਆਜਾ.. ਇੱਕ ਗੇੜਾ ਆਪਾਂ ਹੋਰ ਲਾ ਲੈਂਦੇ ਹਾਂ ਵਿਆਹ ਚ। ਹੁਣ ਉਹਨੂੰ ਵਿਚਾਰੇ ਨੂੰ ਕੀ ਪਤੈ..? ਮੇਰੀ ਹਾਲਤ ਦਾ..? ਕਿ ਮੈਂ ਕਿਵੇਂ ਜਾਨ ਬਚਾਕੇ ਇੱਥੋਂ ਬਾਹਰ ਨਿੱਕਲ ਰਿਹੈਂ। ਮੈਂ ਕਿਹਾ ਨਾ.ਨਾ.ਨਾ.. ਭਰਾਵਾ ਮੈਨੂੰ ਤਾਂ ਜਲਦੀ ਹੈ.., ਮੈਂ ਇੱਕ ਵਿਆਹ ਹੋਰ ਵੀ ਅਟੈਂਡ ਕਰਨਾ ਯਾਰ। ਤਾਂਹੀ ਤਾਂ ਮੈਂ ਚੁੱਪ ਕਰਕੇ ਬਾਹਰ ਨਿੱਕਲ ਰਿਹਾ ਸੀ। ਜੇਕਰ ਵਿਆਹ ਵਾਲਿਆਂ ਨੂੰ ਪਤਾ ਲੱਗ ਗਿਆ.. ਤਾਂ ਉਨ੍ਹਾਂ ਨੇ ਮੈਨੂੰ ਜਾਣ ਨੀ ਦੇਣਾ..। ਮੈਂ ਮਨ ਚ ਸੋਚਿਆ.. ਜੇਕਰ ਉਨ੍ਹਾਂ ਨੂੰ ਪਤਾ ਲੱਗ ਗਿਆ.. ਤਾਂ ਪੁਲਿਸ ਵਾਲਿਆਂ ਨੇ ਵਾਕਿਆ ਹੀ ਮੈਨੂੰ ਜਾਣ ਨਹੀਂ ਦੇਣਾ।

ਲੰਮਾਂ ਸਾਹ.. ਲੈਕੇ) ਉਸ ਤੋਂ ਮਸਾਂ ਖਹਿੜਾ ਛੁਡਾ ਕੇ ਬਾਹਰ ਨਿੱਕਲਿਆ ਭਾਈ। ਹੁਣ ਮੈਂ ਮੋਟਰ ਸਾਈਕਲ ਤੇ ਸਵਾਰ ਹੋਕੇ.. ਵਿਆਹ ਚ 'ਬਣੀਆਂ ਮੂਵੀਆਂ' ਬਾਰੇ ਸੋਚਦਾ.. ਘਰ ਨੂੰ ਵਾਪਸ ਆ ਰਿਹਾ ਸੀ...। ਐਨੇ ਚ ਗੱਡੀ ਨੂੰ ਝਟਕਾ ਜਿਹਾ ਲੱਗਿਆ। ਜਿਵੇਂ ਗੱਡੀ ਲਾਈਨਾਂ ਬਦਲਦੀ ਹੋਵੇ। ਅਸ਼ੋਕ ਮੈਨੂੰ ਕਹਿੰਦਾ, ਕਿਹੜਾ ਸਟੇਸ਼ਨ ਆ ਰਿਹੈ? ਮੈਂ ਉਸ ਨੂੰ ਹਲੂਣ ਕੇ ਕਿਹਾ ਛੱਡ ਯਾਰ ਕਹਾਣੀ ਨੂੰ। ਅੱਜ ਤਾਂ ਸਿੱਧਾ ਨਵੀਂ ਦਿੱਲੀ ਦਾ ਸਟੇਸ਼ਨ ਈ ਆ ਗਿਆ, ਪਤਾ ਈ ਨੀ ਲੱਗਿਆ ! ਤੂੰ ਫਟਾਫਟ ਆਪਣਾ ਸਮਾਨ ਸਾਂਭ। ਊਂ ਇੱਕ ਗੱਲ ਐ,ਕਹਾਣੀ ਤਾਂ ਤੇਰੀ ਅਸ਼ੋਕ, ਵਾਕਿਆ ਹੀ ਕਾਬਲੇ ਤਾਰੀਫ਼, ਬਹੁਤ ਹੀ ਜ਼ਬਰਦਸਤ, ਦਿਲਚਸਪ, ਉਤਸੁਕਤਾ ਭਰੀ, ਸਿੱਖਿਆਦਾਇਕ ਤੇ ਸਸਪੈਂਸ ਭਰਪੂਰ ਸੀ। ਹਾਸਾ ਵੀ ਬਹੁਤ ਆਉਂਦੈ ਤੇ ਘਬਰਾਹਟ ਵੀ ਹੁੰਦੀ ਐ। ਹੋਰ ਗੱਲਾਂ ਦੀਆਂ ਗੱਲਾਂ, ਇੱਕ ਵਾਰੀ ਆਨੰਦ ਆ ਜਾਂਦੈ, ਤੇਰੀ ਕਹਾਣੀ ਸੁਣਕੇ..। ਤੇਰੀ ਇਹ ਕਹਾਣੀ ਮੈਂ ਆਵਦੇ ਬਾਕੀ ਸਾਰੇ ਦੋਸਤਾਂ ਨਾਲ ਸ਼ੇਅਰ ਕਰਾਂਗਾ ਤਾਂ ਕਿ ਉਹ ਵੀ ਅਨੰਦ ਲੈ ਸਕਣ। ਕਿਉਂ ਅਸ਼ੋਕ? ਵੈਸੇ ਮੈਂ ਕਿਸੇ ਕੋਲ ਗੱਲ ਨੀ ਕਰਦਾ .!. ਤੂੰ ਸੱਚੋ ਸੱਚੀਂ ਦੱਸੀਂ ਯਾਰ..? ਇਹ ਤੇਰੀ ਹੱਡਬੀਤੀ ਸੀ...? ਕਿ.. ਕਹਾਣੀ ਸੀ÷..? ਅਸ਼ੋਕ ਬਹੁਤ ਹੀ ਮਜ਼ਾਕੀਆ ਦਾ ਸੁਭਾਅ ਦਾ ਬੰਦਾ ਸੀ...। ਮੈਨੂੰ ਕਹਿੰਦਾ, ਇਹ ਸੋਚਣਾ ਤੇਰਾ ਕੰਮ ਐਂ..? ਨਾਲੇ ਤੂੰ ਅੰਬ ਖਾਣੇ ਐਂ,.. ਕਿ ਪੇੜ ਗਿਣਨੇ ਐਂ'? ਹੁਣ ਗੱਡੀ ਰੁਕਣ ਲਈ ਹੌਲੀ ਹੋ ਗਈ ਸੀ..। ਮੈਂ ਹੱਸਦੇ ਨੇ ਪੁੱਛਿਆ, ਫੇਰ ਕਦੇ ਮਗਰੋਂ ਕਿਸੇ ਨੇ ਪੁੱਛ ਪੜਤਾਲ ਨੀ ਕੀਤੀ..? ਅਸ਼ੋਕ ਦੇ ਜਵਾਬ ਦੇਣ ਤੋਂ ਪਹਿਲਾਂ, ਗੱਡੀ ਨਵੀਂ ਦਿੱਲੀ ਦੇ ਸਟੇਸ਼ਨ ਤੇ ਰੁਕ ਗਈ ਸੀ...।

ਦੀਵਾਲੀ

ਸਭ ਬਨੇਰੇ ਚਿਰਾਗਾਂ ਅਤੇ ਵਿਹੜੇ ਰੌਸ਼ਨੀਆਂ ਨਾਲ ਭਰ ਜਾਣ ।
ਮਿਟ ਜਾਵਣ ਸਭ ਹਨੇਰੇ ਦੋਸਤੋ ਕਿ ਐਸੇ ਸੂਰਜ ਚੜ੍ਹ ਜਾਣ ।
ਖਤਮ ਹੋਵਣ ਸਭ ਜਾਤਾਂ-ਪਾਤਾਂ ਤੇ ਧਰਮਾਂ ਦੇ ਵਿਤਕਰੇ ,
ਲੋਕ ਪਿਆਰ ਮੁਹੱਬਤ ਤੇ ਸਾਂਝੀਵਾਲਤਾ ਦੇ ਫਲਸਫੇ? ਪੜ੍ਹ ਜਾਣ।



ਹੌਸਲਾ ਐਨਾ ਕੁ ਬਖਸ਼ੀ ਹਰ ਸ਼ਖਸ ਨੂੰ

ਧੂੰਆਂ ਧੂੰਆਂ ਹੈ ਤਿਉਹਾਰ !



ਪੈ.ਗਾਮ ਪੈ.ਗਾਮ-ਏ-ਜਗਤ ਜਗਤ



ਜੀਵਨ ਕੁਮਾਰ 'ਜੀਵਨ'
ਲੇਖਕ

ਮਨੁੱਖੀ ਜੀਵਨ ਦੀ ਉਪਰਾਮਤਾ ਤੇ ਉਦਾਸੀ ਨੂੰ ਦੂਰ ਕਰਨ ਵਿੱਚ ਸਾਡੇ ਤਿੱਥ-ਤਿਉਹਾਰ ਬਹੁਤ ਹੀ ਵੱਡਾ ਰੋਲ ਅਦਾ ਕਰਦੇ ਹਨ। ਭਾਰਤ ਵਰਗੇ ਦੇਸ਼ ਵਿੱਚ ਤਾਂ ਮਾਹੌਲ ਹੀ ਤਿਉਹਾਰਾਂ ਵਰਗਾ ਰਹਿੰਦਾ ਹੈ। ਇਹਨਾਂ ਤਿਉਹਾਰਾਂ ਵਿੱਚ ਦੀਵਾਲੀ ਅਤੇ ਬੰਦੀ ਛੋੜ ਦਿਵਸ ਹੁਣ ਭਾਰਤ ਤੋਂ ਇਲਾਵਾ ਬਾਹਰੀ ਦੇਸ਼ਾਂ ਵਿੱਚ ਵੀ ਵੱਡੇ ਪੱਧਰ 'ਤੇ ਮਨਾਏ ਜਾਣ ਲੱਗ ਪਏ ਹਨ। ਇਸ ਪਵਿੱਤਰ ਤਿਉਹਾਰ ਦੇ ਇਤਿਹਾਸਕ ਮਹੱਤਵ ਬਾਰੇ ਅਸੀਂ ਕਾਫ਼ੀ ਕੁਝ ਜਾਣਦੇ ਹੀ ਹਾਂ, ਪਰ ਅੱਜ ਜਦੋਂ ਅਸੀਂ ਸਾਫ਼ ਹਵਾ, ਪਾਣੀ ਅਤੇ ਮਿੱਟੀ ਪੱਖੋਂ ਮਨਫ਼ੀ ਹੁੰਦੇ ਜਾ ਰਹੇ ਹਾਂ ਤਾਂ ਅਜਿਹੇ ਸਮੇਂ ਵਿੱਚ ਇਸ ਨਾਲ ਜੁੜੇ ਪਟਾਕੇ ਚਲਾਉਣ ਦੇ ਰਿਵਾਜ਼ ਦੀ ਗੱਲ ਕਰਨੀ ਜ਼ਰੂਰੀ ਹੈ।

ਅੱਜ ਹਰੇਕ ਤਿਉਹਾਰ ਪਿੱਛੇ ਬਾਜ਼ਾਰਵਾਦੀ ਤਾਕਤਾਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਦਾ ਮਕਸਦ ਸਾਡੀਆਂ ਭਾਵਨਾਵਾਂ ਨੂੰ ਹੁਲਾਰਾ ਦੇ ਕੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੀ ਹੈ। ਪਟਾਕੇ ਚਲਾਉਣ ਦੀ ਰਿਵਾਇਤ ਵੀ ਇਸੇ ਮੁਨਾਫ਼ੇ ਦੀ ਉਪਜ ਹੈ। ਜਦੋਂ ਭਗਵਾਨ ਸ੍ਰੀ ਰਾਮ ਜੀ ਅਯੁੱਧਿਆ ਵਾਪਸ ਆਏ ਤਾਂ ਲੋਕਾਂ ਨੇ ਉਨ੍ਹਾਂ ਦੇ ਆਉਣ ਦੀ ਖ਼ੁਸ਼ੀ ਵਿੱਚ ਦੇਸੀ ਘਿਓ ਦੇ ਦੀਵੇ ਜਗਾਏ ਤੇ ਨੱਚ-ਗਾ ਕੇ ਖ਼ੁਸ਼ੀ ਪ੍ਰਗਟ ਕੀਤੀ। ਇਸੇ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਹਾਂਗੀਰ ਦੇ ਗਵਾਲੀਅਰ ਕਿਲ੍ਹੇ ਤੋਂ 52 ਰਾਜਿਆਂ ਨੂੰ ਛੁਡਵਾਇਆ ਤਾਂ ਸਿੱਖ ਸੰਗਤ ਨੇ ਵੀ ਦੀਵੇ ਜਗਾ ਕੇ ਤੇ ਦੇਸੀ ਮਠਿਆਈਆਂ ਵੰਡ ਕੇ ਇਸ ਖ਼ੁਸ਼ੀ ਨੂੰ ਆਪਸ ਵਿੱਚ ਸਾਂਝਾ ਕੀਤਾ ਅਤੇ ਗੁਰੂ ਜੀ ਦੀ ਵਡਿਆਈ ਕੀਤੀ।

ਪਰ ਅੱਜ ਅਸੀਂ ਇਸ ਰੌਸ਼ਨੀ ਤੇ ਖ਼ੁਸ਼ੀ ਦੇ ਤਿਉਹਾਰ ਨੂੰ ਬਾਜ਼ਾਰੀ ਰੌਅ ਵਿੱਚ ਵਹਿ ਕੇ ਧੂੰਆਂ-ਧੂੰਆਂ ਕਰੀ ਬੈਠੇ ਹਾਂ। ਕਰੋੜਾਂ-ਅਰਬਾਂ ਦੇ ਪਟਾਕੇ ਫੂਕ ਕੇ ਅਸੀਂ ਧਰਤੀ ਅਤੇ ਵਾਤਾਵਰਨ ਨੂੰ ਪਲੀਤ ਕਰਕੇ ਇਸ ਵਿੱਚੋਂ ਖ਼ੁਸ਼ੀ ਤਲਾਸ਼ਦੇ ਹਾਂ, ਜਦਕਿ ਅੱਜ ਪ੍ਰਦੂਸ਼ਣ ਸਾਡੇ ਲਈ ਵਿਕਰਾਲ ਸਮੱਸਿਆ ਬਣ ਕੇ ਸਾਡੀ ਹਵਾ, ਪਾਣੀ ਅਤੇ ਧਰਤੀ ਨੂੰ ਭਿਆਨਕ ਖ਼ਤਰਿਆਂ ਵਿੱਚ ਪਾ ਰਿਹਾ ਹੈ।

ਅਸੀਂ ਆਪਣੀ ਸਾਰੀ ਜ਼ਿੰਮੇਵਾਰੀ ਸਰਕਾਰਾਂ ਦੇ ਮੋਢਿਆਂ 'ਤੇ ਪਾ ਕੇ ਬੜੀ ਦਲੇਰੀ ਨਾਲ ਕਹਿੰਦੇ ਹਾਂ ਕਿ ਸਰਕਾਰ ਪਟਾਕਿਆਂ 'ਤੇ ਪਾਬੰਦੀ ਕਿਉਂ ਨਹੀਂ ਲਾ ਦਿੰਦੀ? ਹਰ ਸਾਲ ਸਰਵਉੱਚ ਅਤੇ ਉੱਚ ਅਦਾਲਤਾਂ ਵੱਲੋਂ ਜਾਰੀ ਹੁੰਦੇ ਹੁਕਮਾਂ ਨੂੰ ਵੀ ਸਾਡੇ ਹਾਕਮ ਅਤੇ ਜਨਤਾ ਟਿੱਚ ਜਾਣਦੇ ਹਨ। ਪ੍ਰਸ਼ਾਸਨ ਵੀ ਖ਼ਾਨਾਪੂਰਤੀ ਕਰਕੇ ਲਿਖਤੀ ਹੁਕਮ ਜਾਰੀ ਕਰ ਦਿੰਦਾ ਹੈ, ਪਰ ਉਨ੍ਹਾਂ ਨੂੰ ਲਾਗੂ ਕਰਵਾਉਣ ਲਈ ਜ਼ਮੀਨੀ ਪੱਧਰ 'ਤੇ ਹੁੰਦਾ ਕੰਮ ਤੁਸੀਂ ਛੋਟੇ ਕਮਰਿਆਂ ਵਾਲੇ ਬਾਜ਼ਾਰਾਂ ਤੋਂ ਲੈ ਕੇ ਰਿਹਾਇਸ਼ੀ ਇਲਾਕਿਆਂ ਵਿੱਚ ਤਿਉਹਾਰ ਤੋਂ ਮਹੀਨਾ ਪਹਿਲਾਂ ਸਟੋਰ ਹੁੰਦੇ ਬਰੂਦ ਦੇ ਢੇਰਾਂ ਤੋਂ ਲਗਾ ਸਕਦੇ ਹੋ। ਹਰ ਸਾਲ ਸੈਂਕੜੇ ਜਾਨਾਂ ਇਨ੍ਹਾਂ ਪਟਾਕਿਆਂ ਦੀ ਅੱਗ ਦੀ ਭੇਟ ਚੜ੍ਹਦੀਆਂ ਹਨ। ਜਿਨ੍ਹਾਂ ਫੈਕਟਰੀਆਂ ਵਿੱਚ ਇਹ ਤਿਆਰ ਕੀਤੇ ਜਾਂਦੇ ਹਨ, ਉੱਥੇ ਲੱਗੀ ਇੱਕ ਚਿੰਗਾਰੀ ਪਲਾਂ ਵਿੱਚ ਹੀ ਮਨੁੱਖੀ ਜਾਨਾਂ ਨੂੰ ਨਿਗਲ ਜਾਂਦੀ ਹੈ, ਪਰ ਸਾਨੂੰ ਇਨ੍ਹਾਂ ਨਾਲ ਕੋਈ ਮਤਲਬ ਨਹੀਂ। ਅਸੀਂ ਘੜੀ-ਦੋ ਘੜੀ ਦੀ ਨਿੱਜੀ ਖ਼ੁਸ਼ੀ ਲਈ ਪੂਰੇ ਵਾਤਾਵਰਨ ਦੀ ਬਲੀ ਚੜ੍ਹਾਉਣ ਲਈ ਤਿਆਰ-ਬਰ-ਤਿਆਰ ਰਹਿੰਦੇ ਹਾਂ। ਹੁਣ ਤਾਂ ਇਨ੍ਹਾਂ ਪਟਾਕਿਆਂ ਦਾ ਪ੍ਰਭਾਵ ਤਿਉਹਾਰਾਂ ਤੋਂ ਵੱਧ ਕੇ ਸ਼ੋਭਾ-ਯਾਤਰਾਵਾਂ, ਵਿਆਹਾਂ, ਜਨਮਦਿਨਾਂ, ਛੋਟੀ-ਮੋਟੀ ਖ਼ੁਸ਼ੀ, ਪਾਰਟੀਆਂ ਅਤੇ ਕਿਸੇ ਦੇ ਬਾਹਰ ਆਉਣ-ਜਾਣ ਵਿੱਚ ਵੀ ਆ ਰਲਿਆ ਹੈ। ਇਸ ਰੌਲੇ-ਰੱਪੇ ਅਤੇ ਧੂੰਏਂ ਵਿੱਚ ਬੇਜ਼ੁਬਾਨ ਜਾਨਵਰ, ਮਰੀਜ਼, ਛੋਟੇ ਬੱਚੇ ਅਤੇ ਬਜ਼ੁਰਗ ਬੁਰੀ ਤਰ੍ਹਾਂ ਪਿਸਦੇ ਹਨ, ਪਰ ਸਾਨੂੰ ਤਾਂ ਇੱਕ ਪਲ ਦੀ ਖ਼ੁਸ਼ੀ ਲਈ ਇਨ੍ਹਾਂ ਸਭਨਾਂ ਦੀ ਪਰਵਾਹ ਕਿੱਥੇ ਹੈ? ਅਸੀਂ ਤਾਂ ਆਜ਼ਾਦੀ ਮਾਣਨਾ ਆਪਣਾ ਜੱਦੀ-ਪੁਸ਼ਤੀ ਹੱਕ ਸਮਝਦੇ ਹਾਂ, ਫਿਰ ਭਾਵੇਂ ਕੋਈ ਕਿੰਨਾ ਵੀ ਪਰੇਸ਼ਾਨ ਕਿਉਂ ਨਾ ਹੋਵੇ।

ਕਿਸੇ ਵੀ ਤਰ੍ਹਾਂ ਦੇ ਤਿਉਹਾਰ ਜਾਂ ਖ਼ੁਸ਼ੀ ਦੇ ਮੌਕੇ ਦਾ ਆਨੰਦ ਅਸੀਂ ਕੇਵਲ ਪਟਾਕਿਆਂ ਵਿੱਚ ਹੀ ਕਿਉਂ ਤਲਾਸ਼ਦੇ ਹਾਂ? ਇਸ ਪਵਿੱਤਰ ਤਿਉਹਾਰ 'ਤੇ ਆਪਣੇ ਪਰਿਵਾਰਾਂ, ਦੋਸਤਾਂ-ਮਿੱਤਰਾਂ ਨੂੰ ਮਿਲ ਕੇ, ਉਨ੍ਹਾਂ ਨਾਲ ਬੈਠ ਕੇ, ਸ਼ੁਭ ਇੱਛਾਵਾਂ ਅਤੇ ਤੋਹਫ਼ੇ ਭੇਟ ਕਰਕੇ ਜੋ ਖ਼ੁਸ਼ੀ ਤੇ ਆਨੰਦ ਮਿਲਦਾ ਹੈ, ਉਹ ਸਦੀਵੀ ਹੈ। ਉਸ ਵਿੱਚ ਆਪਣਾਪਣ ਦਾ ਨਿੱਘ ਹੈ।

ਆਓ, ਅਕਲ ਦੇ ਦੀਵੇ ਰੁਸ਼ਨਾਈਏ ਅਤੇ ਪਟਾਕਿਆਂ ਦੇ ਇਸ ਕੋਹਣ ਤੋਂ ਆਪਣੀ ਖ਼ੁਸ਼ੀ ਦੇ ਪਵਿੱਤਰ ਤਿਉਹਾਰ ਅਤੇ ਆਪਣੀ ਪਿਆਰੀ ਧਰਤੀ ਮਾਤਾ ਨੂੰ ਬਚਾਈਏ। ਤੁਹਾਨੂੰ ਸਾਰਿਆਂ ਨੂੰ ਰੌਸ਼ਨੀ ਦਾ ਤਿਉਹਾਰ ਮੁਬਾਰਕ ਹੋਵੇ।

ਆਫਤ ਪ੍ਰਬੰਧਨ ਵਿਸ਼ੇ 'ਤੇ ਸੈਮੀਨਾਰ; ਵਿਦਿਆਰਥੀ ਸੁਰੱਖਿਆਂ ਗੁਰ ਜ਼ਰੂਰ ਸਿੱਖਣ : ਪ੍ਰਿੰਸੀਪਲ ਪ੍ਰਭਜੋਤ ਸਿੰਘ

ਬਟਾਲਾ, 4 ਨਵੰਬਰ
(ਪੈ.ਗਾਮ-ਏ-ਜਗਤ)



ਪੀਐਮ ਸ਼੍ਰੀ ਸਰਕਾਰੀ ਸੀਨੀ. ਸੈਕੰ. ਸਕੂਲ, ਹਰਪੁਰਾ ਧੰਦੋਈ ਵਿਖੇ ਪ੍ਰਿੰਸੀਪਲ ਪ੍ਰਭਜੋਤ ਸਿੰਘ ਦੇ ਦਿਸ਼ਾ ਨਿਰਦੇਸ਼ 'ਚ ਆਫਤ ਪ੍ਰਬੰਧਨ ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਹਰਬਖਸ਼ ਸਿੰਘ ਸਿਵਲ ਡਿਫੈਂਸ ਦੇ ਨਾਲ ਵਕੋਸ਼ਨਲ ਟ੍ਰੇਨਰ ਇਕਬਾਲ ਸਿੰਘ, ਸਟਾਫ ਦੇ ਨਾਲ ਰਾਸ਼ਟਰੀ ਹੁਨਰ ਯੋਗਤਾ ਢਾਂਚਾ ਦੇ 117 ਵਿਦਿਆਰਥੀਆਂ ਨੇ ਹਿੱਸਾ ਲਿਆ।

ਇਸ ਮੌਕੇ ਦਸਿਆ ਗਿਆ ਕਿ ਕੁਦਰਤੀ ਤੇ ਮਨੁੱਖੀ ਆਫਤਾਂ ਸਬੰਧੀ ਜਾਗਰੂਕ ਕੀਤਾ। ਉਹਨਾਂ ਕਿਹਾ ਕਿ ਕੁਦਰਤੀ ਆਫਤਾਂ ਮਨੁੱਖੀ ਇਤਿਹਾਸ ਜਿੰਨੀਆਂ ਹੀ ਪੁਰਾਣੀਆਂ ਹਨ। ਵਾਤਾਵਰਨ ਦੇ ਬਦਲਾਵ ਦੇ ਕਾਰਣ ਇਹਨਾਂ ਵਿਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ, ਜੋ ਜਾਨ ਮਾਲ ਦੇ ਨੁਕਸਾਨ ਨੇ ਕੌਮੀ ਅਤੇ ਕੌਮਾਂਤਰੀ ਤੌਰ 'ਤੇ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਇਹਨਾਂ ਆਫਤਾਂ ਨੂੰ ਰੋਕਿਆ ਨਹੀ ਜਾ ਸਕਦਾ ਹੈ ਪਰ ਨੁਕਸਾਨ ਨੂੰ ਘੱਟ ਜਰੂਰ ਕੀਤਾ ਜਾ ਸਕਦਾ ਹੈ। ਆਫਤਾਂ ਦੋ ਕਿਸਮ ਦੀਆਂ ਹੁੰਦੀਆਂ ਹਨ ਇਕ ਕੁਦਰਤੀ ਆਫਤਾਂ ਤੇ ਦੂਜੀ ਗੈਰ ਕੁਦਰਤੀ ਆਫਤਾਂ (ਮਨੁੱਖ ਦੁਆਰਾ ਪੈਦਾ ਕੀਤੀਆਂ)। ਕੁਦਰਤੀ ਆਫਤਾਂ ਵਿਚ ਭੁਚਾਲ, ਜੰਗਲੀ ਅੱਗ, ਹੜ੍ਹ, ਸੁਨਾਮੀ, ਚੱਕਰਵਾਤ, ਸੋਕਾ, ਗਰਮ-ਸੀਤ ਲਹਿਰ, ਤੂਫਾਨ, ਜਵਾਲਾ ਮੁੱਖੀ, ਜਮੀਨ ਦਾ ਧਸਣਾ, ਅਸਮਾਨੀ ਬਿਜਲੀ/ਨਾਲ ਅੱਗ, ਫਲੈਸ਼ ਫਲੱਡ, ਗੜ੍ਹੇਮਾਰ ਆਦਿ।

ਅਗੇ ਦਸਿਆ ਗੈਰ ਕੁਦਰਤੀ ਆਫਤਾਂ ਵਿਚ ਜੰਗ, ਸੜਕ-ਰੇਲ-ਹਵਾਈ ਹਾਦਸੇ, ਅੱਗ ਦਾ ਲੱਗਣਾ, ਬੰਬ ਧਮਾਕੇ, ਆਤੰਕਵਾਦ, ਮਾਹਾਂਮਾਰੀਆਂ, ਵਾਤਾਵਰਣ ਪ੍ਰਦੂਸ਼ਨ, ਬਹੁ-ਮੰਜ਼ਲਾਂ ਇਮਾਰਤਾਂ ਦਾ ਡਿੱਗਣਾ, ਗੈਸ ਰਸਾਵ, ਜੀਵਾਣੂ ਹਮਲਾ, ਇੰਸਟਰੀਅਲ/ ਅਵਾਜ਼ ਪ੍ਰਦੂਸ਼ਣ ਆਦਿ। ਇਸੇ ਦੌਰਾਨ ਵਿਦਿਆਰਥੀਆਂ ਵਲੋਂ ਆਫਤਾਂ ਨਾਲ ਨਜਿੱਠਣ ਲਈ ਕੀਤੇ ਸਵਾਲਾਂ ਦੇ ਜਵਾਬ ਦਿਤੇ ਗਏ ਨਾਲ ਹੀ ਸੁਰੱਖਿਆ ਗੁਰ ਵੀ ਸਿਖਾਏ ਗਏ। ਇਸ ਤੋ ਅਗੇ ਸਿਹਤ ਤੰਦਰੁਸਤੀ, ਅਧਿਕਾਰ, ਫਰਜ਼ਾਂ, ਨਸ਼ਿਆਂ, ਅੱਗ ਬੁਝਾਊ ਯੰਤਰ, ਸਹਾਇਤਾ ਨੰਬਰ 112 'ਤੇ ਵੀ ਜਾਗਰੂਕ ਕੀਤਾ।

ਸੁਰਿੰਦਰਾਂ ਗੈਸ ਏਜੰਸੀ ਦੇ ਕੱਢੇ ਵਰਕਰਾਂ ਨੂੰ ਬਹਾਲ ਕਰਵਾਉਣ ਲਈ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਰਿਹਾਇਸ ਵੱਲ 6 ਨਵੰਬਰ ਨੂੰ ਕੀਤਾ ਜਾਵੇਗਾ ਰੋਸ ਮਾਰਚ

ਪਟਿਆਲਾ 4 ਨਵੰਬਰ
(ਪੈ.ਗਾਮ-ਏ-ਜਗਤ)



ਸੁਰਿੰਦਰਾਂ ਗੈਸ ਏਜੰਸੀ ਦੇ ਗੈਰ ਕਾਨੂੰਨੀ ਢੰਗ ਨਾਲ ਕੱਢੇ ਗਏ ਸਾਰੇ ਵਰਕਰਾਂ ਨੂੰ ਬਹਾਲ ਕਰਵਾਉਣ, ਉਨ੍ਹਾਂ ਦੇ ਬਕਾਏ ਅਤੇ ਹੋਰ ਸਹੂਲਤਾਂ ਬਹਾਲ ਕਰਵਾਉਣ ਲਈ ਚੱਲ ਰਹੇ ਸੰਘਰਸ਼ ਦੇ ਅਗਲੇ ਪੜਾਅ ਵਜੋਂ 6

- **ਦਿਵਾਲੀ ਮਗਰੋਂ ਏਜੰਸੀ ਸਾਹਮਣੇ ਪੱਕਾ ਮੋਰਚਾ ਲਾਉਣ ਦੀ ਦਿੱਤੀ ਚਿਤਾਵਨੀ**

ਨਵੰਬਰ ਨੂੰ ਸਿਹਤ ਮੰਤਰੀ ਡਾ ਬਲਬੀਰ ਸਿੰਘ ਦੀ ਰਿਹਾਇਸ਼ ਵੱਲ ਗੈਸ ਕਿਰਤੀਆਂ ਵਲੋਂ ਪਰਿਵਾਰਾਂ ਸਮੇਤ ਰੋਸ ਮਾਰਚ ਕੀਤਾ ਜਾਵੇਗਾ।

ਗੈਸ ਏਜੰਸੀ ਵਰਕਰਜ ਯੂਨੀਅਨ (ਇਫਟੂ) ਦੇ ਪ੍ਰਧਾਨ ਬਲਜਿੰਦਰ ਸਿੰਘ ਖੇੜੀ ਨੇ ਦੱਸਿਆ ਕਿ 6 ਨਵੰਬਰ ਨੂੰ ਗੈਸ ਵਰਕਰਾਂ ਵੱਲੋਂ ਆਪਣੇ ਪਰਿਵਾਰਾਂ ਸਮੇਤ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਦੀ ਰਿਹਾਇਸ਼ ਵੱਲ ਨੂੰ ਰੋਸ ਮਾਰਚ ਕੀਤਾ ਜਾਵੇਗਾ। ਉਹਨਾਂ ਨੇ ਕਿਹਾ ਕਿ 30 ਅਕਤੂਬਰ ਨੂੰ ਪ੍ਰਸ਼ਾਸਨ ਵੱਲੋਂ ਮਾਲਕ ਅਤੇ ਗੈਸ ਏਜੰਸੀ ਵਰਕਰ ਦੋਨੋਂ ਧਿਰਾਂ ਨੂੰ ਬਿਠਾ ਕੇ ਇਹ ਸਮਝੌਤਾ ਕੀਤਾ ਗਿਆ ਕਿ ਦੋ ਨਵੰਬਰ ਨੂੰ ਗੈਸ ਏਜੰਸੀ ਦੇ ਮਾਲਕ ਸਹਾਇਕ ਕਿਰਤ ਕਮਿਸ਼ਨਰ ਦੇ ਦਫਤਰ ਆਪਣੀ ਏਜੰਸੀ ਦਾ ਰਿਕਾਰਡ ਲੈ ਕੇ ਆਉਣਗੇ ਤੇ ਵਰਕਰਾਂ ਨਾਲ ਬੈਠ ਕੇ ਗੱਲ ਕਰਨਗੇ ਪਰ ਦੋ ਨਵੰਬਰ ਨੂੰ ਕਿਰਤ ਕਮਿਸ਼ਨਰ ਦੇ ਦਫਤਰ ਗੈਸ ਮਾਲਕਾਂ ਵੱਲੋਂ ਕੋਈ ਵੀ ਨੁਮਾਇੰਦਾ ਨਹੀਂ ਪਹੁੰਚਿਆ ਜਿਸ ਕਰਕੇ ਵਰਕਰਾਂ ਵਿੱਚ ਬਹੁਤ ਰੋਸ ਪਾਇਆ ਜਾ ਰਿਹਾ ਹੈ।

ਯੂਨੀਅਨ ਦੇ ਜਨਰਲ ਸਕੱਤਰ ਸੁਰਜੀਤ ਸਿੰਘ ਸੁਨਿਆਰ ਹੇੜੀ ਨੇ ਕਿਹਾ ਕਿ ਗੈਸ ਏਜੰਸੀ ਦੇ ਦਫਤਰ ਸਹਾਰਾ ਲਿਆ ਜਾਵੇ, ਤਾਂ ਜੋ ਵਿਦਿਆਰਥਣਾਂ ਵਿਸ਼ਿਆਂ ਨੂੰ ਸਿਰਫ਼ ਪੜ੍ਹਨ ਹੀ ਨਹੀਂ, ਸਗੋਂ ਉਨ੍ਹਾਂ ਨੂੰ ਵਿਹਾਰਕ ਰੂਪ ਵਿੱਚ ਵੀ ਸਮਝ ਸਕਣ।

ਉਨ੍ਹਾਂ ਨੇ ਵਿਦਿਆਲਿਆ ਦੀ ਵਿਗਿਆਨ ਪ੍ਰਯੋਗਸ਼ਾਲਾ ਅਤੇ ਕੰਪਿਊਟਰ ਪ੍ਰਯੋਗਸ਼ਾਲਾ ਦਾ ਵੀ ਨਿਰੀਖਣ ਕੀਤਾ ਅਤੇ ਉੱਥੇ ਉਪਲਬਧ ਸਹੂਲਤਾਂ ਅਤੇ ਵਿਵਸਥਾਵਾਂ 'ਤੇ ਤਸੱਲੀ ਪ੍ਰਗਟ ਕੀਤੀ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਗੁਣਵੱਤਾ ਭਰਪੂਰ ਸਿੱਖਿਆ ਦੇ ਮਾਧਿਅਮ ਰਾਹੀਂ ਵਿਦਿਆਰਥਣਾਂ ਆਪਣੇ ਜੀਵਨ ਵਿੱਚ ਸਫਲਤਾ ਦੀਆਂ ਨਵੀਆਂ ਉਚਾਈਆਂ ਹਾਸਲ ਕਰ ਸਕਦੀਆਂ ਹਨ। ਇਸ ਲਈ ਨਿਯਮਤ ਅਧਿਐਨ, ਅਨੁਸ਼ਾਸਨ ਅਤੇ ਮਿਹਨਤ ਦੇ ਨਾਲ-ਨਾਲ ਆਮ ਗਿਆਨ 'ਤੇ ਵੀ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਹੈ।

ਅਧਿਕਾਰੀਆਂ ਨੇ ਹੋਸਟਲ ਵਿੱਚ ਦੁਪਹਿਰ ਦੇ ਭੋਜਨ ਦੀ ਗੁਣਵੱਤਾ ਅਤੇ ਵਿਵਸਥਾ ਦਾ ਨਿਰੀਖਣ ਕੀਤਾ ਅਤੇ ਵਿਦਿਆਰਥਣਾਂ ਦੇ ਰਹਿਣ, ਖਾਣ-ਪੀਣ ਅਤੇ ਹੋਰ ਬੁਨਿਆਦੀ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਵਿਦਿਆਲਿਆ ਕੰਪਲੈਕਸ ਅਤੇ ਹੋਸਟਲ ਵਿੱਚ ਸਫਾਈ ਵਿਵਸਥਾ, ਸਟਾਫ਼ ਦੀ ਹਾਜ਼ਰੀ ਅਤੇ ਵੱਖ-ਵੱਖ ਵਿਦਿਅਕ ਅਤੇ ਸਹਿ-ਵਿਦਿਅਕ ਗਤੀਵਿਧੀਆਂ ਦੀ ਵੀ ਜਾਂਚ ਕੀਤੀ। ਇਸ ਤੋਂ ਇਲਾਵਾ ਸਾਰੀਆਂ ਕਲਾਸਾਂ ਅਤੇ ਕੰਪਲੈਕਸ ਵਿੱਚ ਸੁਰੱਖਿਆ, ਬਿਜਲੀ ਅਤੇ ਪੀਣ ਵਾਲੇ ਪਾਣੀ ਦੀ ਉਪਲਬਧਤਾ ਸਬੰਧੀ ਵਿਵਸਥਾਵਾਂ ਦਾ ਨਿਰੀਖਣ ਕੀਤਾ।

ਇਸ ਮੌਕੇ 'ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਵਿਦਿਆਰਥਣਾਂ ਨਾਲ ਸਿੱਧਾ ਸੰਵਾਦ ਕਰਦਿਆਂ ਹੋਸਟਲ ਵਿੱਚ ਮਿਲਣ ਵਾਲੇ ਭੋਜਨ, ਰਹਿਣ ਦੀਆਂ ਸਹੂਲਤਾਂ ਅਤੇ ਉਨ੍ਹਾਂ ਦੀਆਂ ਰੋਜ਼ਾਨਾ ਲੋੜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਲਈ। ਵਿਦਿਆਰਥਣਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਵਿਵਸਥਾਵਾਂ 'ਤੇ ਤਸੱਲੀ ਪ੍ਰਗਟ ਕੀਤੀ ਅਤੇ ਵਿਦਿਆਲਿਆ ਪ੍ਰਬੰਧਨ ਨੂੰ ਸਿੱਖਿਆ ਅਤੇ ਹੋਸਟਲ ਦੀਆਂ ਸਹੂਲਤਾਂ ਵਿੱਚ ਨਿਰੰਤਰ ਗੁਣਵੱਤਾ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ।

ਇਸ ਮੌਕੇ 'ਤੇ ਵਿਦਿਆਲਿਆ ਦੀ ਵਾਰਡਨ ਮਹੇਸ਼ੀ, ਸਾਹਿਤਕਾਰ ਡਾ. ਨਾਇਬ ਸਿੰਘ ਮੰਡੇਰ, ਬੁਲਾਰੇ ਕੰਵਰਜੀਤ ਸਿੰਘ, ਬਨਵਾਰੀ ਲਾਲ, ਚਰਨਜੀਤ ਸਿੰਘ, ਸੋਨੂੰ ਗਰਗ, ਸੁਨੀਤਾ ਮੋਂਗਾ, ਘਣਸ਼ਿਆਮ ਨਾਪਾ, ਸ਼ੀਨੂੰ, ਸੀਮਾ ਰਾਣੀ, ਨਿਸ਼ਾ ਰਾਣੀ ਸਮੇਤ ਸਮੂਹ ਸਟਾਫ਼ ਮੈਂਬਰ ਹਾਜ਼ਰ ਰਹੇ।

ਜ਼ਿਲ੍ਹਾ ਸਿੱਖਿਆ ਅਧਿਕਾਰੀ ਸੰਗੀਤਾ ਬਿਸ਼ਨੋਈ ਨੇ ਕੀਤਾ ਖਾਈ ਸਕੂਲ ਦਾ ਅਚਨਚੇਤ ਨਿਰੀਖਣ

ਪੈਗਾਮ-ਏ-ਜਗਤ
ਰਤੀਆ, 4 ਨਵੰਬਰ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

- **ਹੋਸਟਲ ਵਿੱਚ ਭੋਜਨ ਅਤੇ ਰਿਹਾਇਸ਼ ਵਿਵਸਥਾ ਦਾ ਲਿਆ ਜਾਇਜ਼ਾ, ਕਲਾਸਾਂ ਵਿੱਚ ਵਿਦਿਆਰਥਣਾਂ ਤੋਂ ਪਾਠਕ੍ਰਮ ਸਬੰਧੀ ਜਾਣਕਾਰੀ ਕੀਤੀ ਹਾਸਲ**



ਜ਼ਿਲ੍ਹਾ ਸਿੱਖਿਆ ਅਧਿਕਾਰੀ ਸੰਗੀਤਾ ਬਿਸ਼ਨੋਈ ਅਤੇ ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ (ਡੀਪੀਸੀ) ਬਲਵਾਨ ਸਿੰਘ ਨੇ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ (ਕੇਜੀਬੀਵੀ), ਖਾਈ ਦਾ ਅਚਨਚੇਤ ਨਿਰੀਖਣ ਕੀਤਾ। ਵਿਦਿਆਲਿਆ ਪਹੁੰਚਣ 'ਤੇ ਪ੍ਰਿੰਸੀਪਲ ਅਬਨੀਸ਼ ਗਰਗ ਅਤੇ ਸਟਾਫ਼ ਮੈਂਬਰਾਂ ਨੇ ਅਧਿਕਾਰੀਆਂ ਦਾ ਸਵਾਗਤ ਕੀਤਾ। ਨਿਰੀਖਣ ਦੌਰਾਨ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੰਗੀਤਾ ਬਿਸ਼ਨੋਈ ਨੇ ਵੱਖ-ਵੱਖ ਕਲਾਸਾਂ ਵਿੱਚ ਜਾ ਕੇ ਵਿਦਿਆਰਥਣਾਂ ਤੋਂ ਪਾਠਕ੍ਰਮ ਅਤੇ ਅਧਿਆਪਨ ਗਤੀਵਿਧੀਆਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਬਾਰ੍ਹਵੀਂ ਜਮਾਤ ਦੇ ਪਾਠਕ੍ਰਮ ਦੀ ਪ੍ਰਗਤੀ ਬਾਰੇ ਜਾਣਕਾਰੀ ਲਈ। ਜਦਕਿ ਦਸਵੀਂ ਜਮਾਤ

ਮਾਈ ਭਾਰਤ ਵੱਲੋਂ ਸੀ.ਜੀ.ਸੀ. ਲਾਂਡਰਾਂ ਵਿਖੇ 'ਯੁਵਾ ਸੰਵਾਦ: ਆਪਣੇ ਵੋਟ ਦੇ ਅਧਿਕਾਰ ਨੂੰ ਜਾਣੋ' ਪ੍ਰੋਗਰਾਮ ਕਰਵਾਇਆ ਗਿਆ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 4 ਨਵੰਬਰ (ਪੈ.ਗਾਮ-ਏ-ਜਗਤ)

ਨੌਜਵਾਨਾਂ ਵਿੱਚ ਚੋਣਾਂ ਪ੍ਰਤੀ ਜਾਗਰੂਕਤਾ ਅਤੇ ਜ਼ਿੰਮੇਵਾਰ ਨਾਗਰਿਕਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਮਾਈ ਭਾਰਤ, ਐੱਸ.ਏ.ਐੱਸ. ਨਗਰ ਵੱਲੋਂ ਚੰਡੀਗੜ੍ਹ ਕਾਲਜ ਆਫ਼ ਟੈਕਨਾਲੋਜੀ (ਸੀ.ਸੀ.ਟੀ.), ਸੀ.ਜੀ.ਸੀ. ਲਾਂਡਰਾਂ ਦੇ ਐੱਨ.ਐੱਸ.ਐੱਸ. ਵਿੰਗ ਦੇ ਸਹਿਯੋਗ ਨਾਲ 'ਯੁਵਾ ਸੰਵਾਦ: ਆਪਣੇ ਵੋਟ ਦੇ ਅਧਿਕਾਰ ਨੂੰ ਜਾਣੋ' ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਦੇਸ਼-ਵਿਆਪੀ 'ਵਿਕਸਿਤ ਭਾਰਤ ਯੁਵਾ ਸੰਵਾਦ' ਪਹਿਲਕਦਮੀ ਦਾ ਹਿੱਸਾ ਸੀ।



ਪ੍ਰੋਗਰਾਮ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ। ਇਸ ਮੌਕੇ ਮਾਈ ਭਾਰਤ ਪੰਜਾਬ ਦੇ ਡਾਇਰੈਕਟਰ ਸ੍ਰੀਮਤੀ ਰਸ਼ਮੀਤ ਕੌਰ, ਮਾਈ ਭਾਰਤ ਦੇ ਸਹਾਇਕ ਡਾਇਰੈਕਟਰ ਸ੍ਰੀ ਵਿਕਰਮ, ਯੂਥ ਆਈਕਨ ਸ੍ਰੀਮਤੀ ਸਾਕਸ਼ੀ ਸ਼ਰਮਾ ਅਤੇ ਸੀ.ਸੀ.ਟੀ. ਦੇ ਬਾਇਓਟੈਕਨਾਲੋਜੀ ਵਿਭਾਗ ਦੇ ਮੁਖੀ ਡਾ. ਗੁਰਪ੍ਰੀਤ ਮੌਜੂਦ ਸਨ।

ਪ੍ਰੋਗਰਾਮ ਦਾ ਮੁੱਖ ਆਕਰਸ਼ਣ ਯੂਥ ਆਈਕਨ ਸ੍ਰੀਮਤੀ ਸਾਕਸ਼ੀ ਸ਼ਰਮਾ ਵੱਲੋਂ 'ਮੇਰਾ ਵੋਟ, ਮੇਰਾ ਅਧਿਕਾਰ' ਵਿਸ਼ੇ 'ਤੇ ਦਿੱਤਾ ਗਿਆ ਜਾਣਕਾਰੀ ਭਰਪੂਰ ਸੰਬੋਧਨ ਰਿਹਾ। ਉਨ੍ਹਾਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਵੋਟ ਦੇ ਅਧਿਕਾਰ ਦੀ ਮਹੱਤਤਾ, ਸੋਚ-ਸਮਝ ਕੇ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਣ ਦੀ ਲੋੜ ਅਤੇ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਵੋਟ ਦੇ ਮੁੱਲ ਨੂੰ ਸਮਝਣ ਅਤੇ ਚੋਣ ਪ੍ਰਕਿਰਿਆ ਵਿੱਚ ਜਾਗਰੂਕ ਤੇ ਜ਼ਿੰਮੇਵਾਰ ਨਾਗਰਿਕ ਵਜੋਂ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਇਹ ਪਹਿਲਕਦਮੀ ਲੋਕਤੰਤਰੀ ਪ੍ਰਕਿਰਿਆ ਅਤੇ ਨਾਗਰਿਕ ਜ਼ਿੰਮੇਵਾਰੀਆਂ ਬਾਰੇ ਨੌਜਵਾਨਾਂ ਨੂੰ ਸਾਰਥਕ ਸੰਵਾਦ ਨਾਲ ਜੋੜਨ ਲਈ ਮਾਈ ਭਾਰਤ ਵੱਲੋਂ ਦੇਸ਼ ਭਰ ਵਿੱਚ ਕੀਤੇ ਜਾ ਰਹੇ ਯਤਨਾਂ ਦਾ ਹਿੱਸਾ ਹੈ। ਦੇਸ਼ ਭਰ ਦੀਆਂ ਵਿੱਦਿਅਕ ਸੰਸਥਾਵਾਂ ਵਿੱਚ ਕਰਵਾਏ ਜਾ ਰਹੇ 'ਵਿਕਸਿਤ ਭਾਰਤ ਯੁਵਾ ਸੰਵਾਦ' ਦਾ ਉਦੇਸ਼ ਵਿਦਿਆਰਥੀਆਂ, ਖ਼ਾਸ ਕਰਕੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਚੋਣ ਪ੍ਰਕਿਰਿਆ ਬਾਰੇ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਲੋਕਤੰਤਰੀ ਪ੍ਰਣਾਲੀ ਵਿੱਚ ਜਾਗਰੂਕ ਤੇ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕਰਨਾ ਹੈ। ਇਹ ਪਹਿਲਕਦਮੀ ਸਾਲ 2047 ਤੱਕ ਵਿਕਸਿਤ ਭਾਰਤ ਦੇ ਵਿਸ਼ਾਲ ਟੀਚੇ ਨਾਲ ਵੀ ਜੁੜੀ ਹੋਈ ਹੈ, ਜਿਸ ਵਿੱਚ ਦੇਸ਼ ਦੇ ਭਵਿੱਖ ਦੇ ਨਿਰਮਾਣ ਵਿੱਚ ਨੌਜਵਾਨਾਂ ਦੀ ਭੂਮਿਕਾ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ।

ਜ਼ੀਰਕਪੁਰ ਵਿੱਚ ਬਲਟਾਣਾ ਫਰਨੀਚਰ ਮਾਰਕੀਟ ਵਿੱਚ ਭਿਆਨਕ ਅੱਗ ਨਾਲ 22 ਸ਼ੈੱਡ ਸੁਆਹ

ਜ਼ੀਰਕਪੁਰ, (ਪੈ.ਗਾਮ-ਏ-ਜਗਤ)

ਬੁੱਧਵਾਰ ਤੜਕੇ ਜ਼ੀਰਕਪੁਰ ਦੀ ਬਲਟਾਣਾ ਫਰਨੀਚਰ ਮਾਰਕੀਟ ਵਿੱਚ ਭਿਆਨਕ ਅੱਗ ਲੱਗਣ ਕਾਰਨ 22 ਟੀਨ ਸ਼ੈੱਡ ਸੜ ਕੇ ਸੁਆਹ ਹੋ ਗਏ।

ਸਵੇਰੇ ਕਰੀਬ 4 ਵਜੇ ਲੱਗੀ ਇਹ ਅੱਗ ਤੇਜ਼ੀ ਨਾਲ ਇੱਕ ਸ਼ੈੱਡ ਤੋਂ ਦੂਜੇ ਸ਼ੈੱਡ ਵਿੱਚ ਫੈਲ ਗਈ, ਜਿਸ ਨਾਲ ਦਿਵਾਲੀ ਤੋਂ ਠੀਕ ਕੁਝ ਦਿਨ ਪਹਿਲਾਂ ਲੱਖਾਂ ਰੁਪਏ ਦਾ ਫਰਨੀਚਰ ਅਤੇ ਹੋਰ ਰੱਖਿਆ ਹੋਇਆ ਸਮਾਨ ਸੜ ਕੇ ਨਸ਼ਟ ਹੋ ਗਿਆ।



ਫਾਇਰ ਵਿਭਾਗ ਦੇ ਅਧਿਕਾਰੀਆਂ ਅਨੁਸਾਰ, ਸਵੇਰੇ ਕਰੀਬ 4 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। ਭਿਆਨਕ ਅੱਗ 'ਤੇ ਕਾਬੂ ਪਾਉਣ ਲਈ ਜ਼ੀਰਕਪੁਰ, ਮੋਹਾਲੀ, ਡੇਰਾ ਬੱਸੀ, ਪੰਚਕੂਲਾ ਅਤੇ ਏਅਰ ਫੋਰਸ ਸਟੇਸ਼ਨ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਭੇਜੀਆਂ ਗਈਆਂ।

ਘਟਨਾ ਵਿੱਚ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ। ਪੁਲਿਸ ਅਤੇ ਫਾਇਰ ਅਧਿਕਾਰੀਆਂ ਨੇ ਅੱਗ ਦੇ ਸਹੀ ਕਾਰਨ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ, ਹਾਲਾਂਕਿ ਸ਼ੁਰੂਆਤੀ ਸ਼ੱਕ ਹੈ ਕਿ ਸ਼ਾਰਟ-ਸਰਕਟ ਕਾਰਨ ਅੱਗ ਲੱਗੀ। ਇਲਾਕੇ ਵਿੱਚ ਦਹਿਸ਼ਤ ਫੈਲ ਗਈ ਕਿਉਂਕਿ ਉੱਚੀਆਂ-ਉੱਚੀਆਂ ਲਾਟਾਂ ਇੱਕ ਸ਼ੈੱਡ ਤੋਂ ਦੂਜੇ ਸ਼ੈੱਡ ਵਿੱਚ ਛਾਲ ਮਾਰ ਰਹੀਆਂ ਸਨ। ਸਥਾਨਕ ਨਿਵਾਸੀ ਵੀ ਫਾਇਰ ਕਰਮਚਾਰੀਆਂ ਦੀ ਮਦਦ ਲਈ ਅੱਗੇ ਆਏ ਅਤੇ ਬਾਲਟੀਆਂ ਨਾਲ ਪਾਣੀ ਪਾ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ। ਬਲਟਾਣਾ ਦੇ ਸਥਾਨਕ ਨਿਵਾਸੀ ਬਲਦੇਵ ਸਿੰਘ ਨੇ ਕਿਹਾ, ਅੱਗ ਬਹੁਤ ਵੱਡੀ ਸੀ। ਸ਼ੁਰੂ ਵਿੱਚ ਨਿਵਾਸੀਆਂ ਨੇ ਬਾਲਟੀਆਂ ਨਾਲ ਪਾਣੀ ਪਾ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਇਸਦਾ ਕੋਈ ਅਸਰ ਨਹੀਂ ਹੋਇਆ। ਅੱਗ ਤੇਜ਼ੀ ਨਾਲ ਫੈਲਦੀ ਰਹੀ ਅਤੇ ਦੁਕਾਨ ਮਾਲਕ ਆਪਣਾ ਸਮਾਨ ਸੜਦਾ ਦੇਖਣ ਤੋਂ ਇਲਾਵਾ ਕੁਝ ਨਹੀਂ ਕਰ ਸਕੇ।

ਇੱਕ ਦੁਕਾਨ ਮਾਲਕ ਸੁਖਦੇਵ ਸਰਕਾਰਾ ਨੇ ਕਿਹਾ, ਘਟਨਾ ਦੇ ਪੰਜ ਘੰਟੇ ਬਾਅਦ ਵੀ ਮਲਬਾ ਹਟਾਉਣ ਦਾ ਕੰਮ ਜਾਰੀ ਸੀ। ਖਾਸ ਕਰਕੇ ਦਿਵਾਲੀ ਸੀਜ਼ਨ ਤੋਂ ਪਹਿਲਾਂ ਇਹ ਸਾਡੇ ਲਈ ਬਹੁਤ ਵੱਡਾ ਨੁਕਸਾਨ ਹੈ। ਇਸ ਮਾਰਕੀਟ ਤੋਂ ਅੱਗ ਲੱਗਣ ਦੀ ਇਹ ਪਹਿਲੀ ਘਟਨਾ ਨਹੀਂ ਹੈ। ਇਸ ਖੇਤਰ ਵਿੱਚ ਕਈ ਗੈਰ-ਕਾਨੂੰਨੀ ਸ਼ੈੱਡ ਹਨ ਜਿੱਥੇ ਫਰਨੀਚਰ ਦੇ ਨਾਲ-ਨਾਲ ਪੇਂਟ, ਥਿਨਰ, ਤੇਲ ਅਤੇ ਸਪਿਰਟ ਵਰਗੇ ਬਹੁਤ ਜ਼ਿਆਦਾ ਜਲਣਸ਼ੀਲ ਪਦਾਰਥ ਰੱਖੇ ਜਾਂਦੇ ਹਨ, ਅਤੇ ਅਸਥਾਈ ਬਿਜਲੀ ਕੁਨੈਕਸ਼ਨ ਹਨ, ਜਿਸ ਨਾਲ ਪੂਰਾ ਖੇਤਰ ਅੱਗ ਦੇ ਲਿਹਾਜ਼ ਨਾਲ ਇੱਕ ਵੱਡਾ ਖ਼ਤਰਾ ਬਣ ਗਿਆ ਹੈ।

ਇਸ ਤੋਂ ਪਹਿਲਾਂ ਇਸੇ ਸਾਲ 4 ਜੁਲਾਈ ਨੂੰ ਇਸੇ ਮਾਰਕੀਟ ਵਿੱਚ ਸਵੇਰੇ-ਸਵੇਰੇ ਲੱਗੀ ਇਸੇ ਤਰ੍ਹਾਂ ਦੀ ਅੱਗ ਵਿੱਚ ਸੱਤ ਸ਼ੈੱਡ ਨਸ਼ਟ ਹੋ ਗਏ ਸਨ। ਦੋ ਸਾਲ ਪਹਿਲਾਂ, ਇੱਕ ਏਕੜ ਜ਼ਮੀਨ ਵਿੱਚ ਫੈਲੇ 24 ਖੋਖੇ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ ਸਨ, ਅਤੇ ਅੱਗ ਬੁਝਾਉਣ ਵਿੱਚ 12 ਤੋਂ ਵੱਧ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਇੱਕ ਘੰਟੇ ਤੋਂ ਵੱਧ ਸਮਾਂ ਲੱਗਿਆ ਸੀ।

ਡਾ. ਹਰਿੰਦਰ ਬਾਲੀ 'ਇੰਟਰਵੈਂਸ਼ਨਲ ਕਾਰਡੀਓਲੋਜਿਸਟ ਆਫ਼ ਦਿ ਈਅਰ' ਐਵਾਰਡ ਨਾਲ ਸਨਮਾਨਿਤ

ਚੰਡੀਗੜ੍ਹ (ਪੈ.ਗਾਮ-ਏ-ਜਗਤ)

ਲਿਵਾਸਾ ਹਸਪਤਾਲ ਦੇ ਚੇਅਰਮੈਨ-ਕਾਰਡੀਅਕ ਸਾਇੰਸਜ਼ ਡਾ. ਹਰਿੰਦਰ ਕੇ. ਬਾਲੀ ਨੂੰ ਬੀਟ 2026 - ਨੈਸ਼ਨਲ ਕਾਰਡੀਓਵੈਸਕੁਲਰ ਸਮਿਟ ਅਤੇ ਕਾਰਡੀਅਕ ਐਕਸੀਲੈਂਸ ਐਵਾਰਡਜ਼ ਦੇ ਦੂਜੇ ਐਡੀਸ਼ਨ ਦੌਰਾਨ ਵੱਕਾਰੀ 'ਇੰਟਰਵੈਂਸ਼ਨਲ ਕਾਰਡੀਓਲੋਜਿਸਟ ਆਫ਼ ਦਿ ਈਅਰ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।



ਇਹ ਐਵਾਰਡ ਉਨ੍ਹਾਂ ਨੂੰ ਕਾਰਡੀਓਵੈਸਕੁਲਰ ਮੈਡੀਸਨ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ, ਬਿਹਤਰੀਨ ਕਲੀਨਿਕਲ ਮੁਹਾਰਤ ਅਤੇ ਇੰਟਰਵੈਂਸ਼ਨਲ ਕਾਰਡੀਓਲੋਜੀ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਲਈ ਦਿੱਤਾ ਗਿਆ। ਉਨ੍ਹਾਂ ਦੀ ਵਿਆਪਕ ਡਾਕਟਰੀ ਮੁਹਾਰਤ, ਆਧੁਨਿਕ ਇਲਾਜ ਤਕਨੀਕਾਂ ਨੂੰ ਅਪਣਾਉਣ ਪ੍ਰਤੀ ਵਚਨਬੱਧਤਾ ਅਤੇ ਕਾਰਡੀਅਕ ਸਾਇੰਸਜ਼ ਦੇ ਖੇਤਰ ਵਿੱਚ ਪ੍ਰਭਾਵਸ਼ਾਲੀ ਅਗਵਾਈ ਨੇ ਉੱਨਤ ਦਿਲ ਦੀਆਂ ਬਿਮਾਰੀਆਂ ਦੇ ਇਲਾਜ ਦੀਆਂ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਪ੍ਰਾਪਤੀ 'ਤੇ ਡਾ. ਬਾਲੀ ਨੂੰ ਵਧਾਈ ਦਿੰਦਿਆਂ ਲਿਵਾਸਾ ਹਸਪਤਾਲ ਦੇ ਸੀਈਓ ਅਨੁਰਾਗ ਯਾਦਵ ਨੇ ਕਿਹਾ, "ਡਾ. ਬਾਲੀ ਦੀ ਅਗਵਾਈ, ਉਨ੍ਹਾਂ ਦੀ ਕਲੀਨਿਕਲ ਮੁਹਾਰਤ ਅਤੇ ਦਿਲ ਦੀਆਂ ਬਿਮਾਰੀਆਂ ਦੇ ਇਲਾਜ ਨੂੰ ਲਗਾਤਾਰ ਬਿਹਤਰ ਬਣਾਉਣ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਉੱਤਮ ਸਿਹਤ ਸੇਵਾਵਾਂ ਦੇ ਉਨ੍ਹਾਂ ਉੱਚ ਮਿਆਰਾਂ ਦੀ ਮਿਸਾਲ ਹੈ, ਜਿਨ੍ਹਾਂ ਨੂੰ ਲਿਵਾਸਾ ਹਸਪਤਾਲ ਆਪਣੇ ਸਾਰੇ ਕੇਂਦਰਾਂ ਵਿੱਚ ਕਾਇਮ ਰੱਖਣ ਲਈ ਨਿਰੰਤਰ ਯਤਨਸ਼ੀਲ ਹੈ। ਇਹ ਪ੍ਰਾਪਤੀ ਦਿਲ ਦੇ ਮਰੀਜ਼ਾਂ ਨੂੰ ਬਿਹਤਰ ਇਲਾਜ ਅਤੇ ਉੱਤਮ ਨਤੀਜੇ ਪ੍ਰਦਾਨ ਕਰਨ ਪ੍ਰਤੀ ਉਨ੍ਹਾਂ ਦੇ ਸਮਰਪਣ ਦਾ ਪ੍ਰਮਾਣ ਹੈ।

ਰੈਂਪ ਪ੍ਰੋਜੈਕਟ ਅਧੀਨ ਪੀ.ਈ.ਸੀ. ਵੱਲੋਂ ਇੰਟਰਨੈੱਟ ਆਫ਼ ਥਿੰਗਜ਼ ਵਿਸ਼ੇ 'ਤੇ ਵਿਹਾਰਕ ਸਿਖਲਾਈ ਸੈਸ਼ਨ ਆਯੋਜਿਤ

ਚੰਡੀਗੜ੍ਹ, 3 ਨਵੰਬਰ, (ਪੈ.ਗਾਮ-ਏ-ਜਗਤ)

ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ (ਡੀਮਡ ਟੂ ਬੀ ਯੂਨੀਵਰਸਿਟੀ), ਵੱਲੋਂ ਆਪਣੇ ਕੰਪਿਊਟਰ ਸੈਂਟਰ ਵਿਖੇ "ਇੰਟਰਨੈੱਟ ਆਫ ਥਿੰਗਜ਼ ਨਾਲ ਜਾਣ-ਪਛਾਣ" ਵਿਸ਼ੇ 'ਤੇ ਇੱਕ ਸਿਖਲਾਈ ਸੈਸ਼ਨ ਆਯੋਜਿਤ ਕੀਤਾ ਗਿਆ। ਇਹ ਸੈਸ਼ਨ ਵਰਕਸ਼ਾਪ ਅਤੇ ਸਕਿੱਲ ਡਿਵੈਲਪਮੈਂਟ ਸੈਂਟਰ, PEC ਰਾਹੀਂ 2 ਤੋਂ 5 ਨਵੰਬਰ, 2026 ਤੱਕ ਚਲਾਏ ਜਾ ਰਹੇ DTE ਪੰਜਾਬ ਡਿਪਲੋਮਾ ਵਿਦਿਆਰਥੀ ਸਿਖਲਾਈ ਪ੍ਰੋਗਰਾਮ ਤਹਿਤ RAMP ਪ੍ਰੋਜੈਕਟ ਦੇ ਅਧੀਨ ਆਯੋਜਿਤ ਕੀਤਾ ਗਿਆ।



ਇਸ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਪ੍ਰੋ. ਰਵਿੰਦਰਜੀਤ ਵਾਲੀਆ, ਪ੍ਰਿੰਸੀਪਲ ਇਨਵੈਸਟੀਗੇਟਰ ਅਤੇ ਪ੍ਰਬੰਧਕ ਦੀ ਅਗਵਾਈ ਹੇਠ ਕੀਤਾ ਜਾ ਰਿਹਾ ਹੈ। IoT ਸੈਸ਼ਨ ਦਾ ਤਾਲਮੇਲ ਡਾ. ਸੰਜੇ ਬਤੀਸ਼, ਕੋਰਸ ਕੋਆਰਡੀਨੇਟਰ ਵੱਲੋਂ ਕੀਤਾ ਗਿਆ, ਜਦਕਿ ਸ੍ਰੀ ਸੁਸ਼ੀਲ ਕੁਮਾਰ ਅਤੇ ਸ੍ਰੀ ਪ੍ਰਭਸਿਮਰਨ ਸਿੰਘ ਬਿੰਦਰਾ ਨੇ ਸਹਿ-ਕੋਆਰਡੀਨੇਟਰ ਵਜੋਂ ਸਹਿਯੋਗ ਦਿੱਤਾ।

ਇਸ ਸੈਸ਼ਨ ਦਾ ਉਦੇਸ਼ ਸਿਧਾਂਤਕ ਸਿੱਖਿਆ ਅਤੇ ਵਿਹਾਰਕ ਸਿਖਲਾਈ ਦੇ ਸੁਮੇਲ ਰਾਹੀਂ ਡਿਪਲੋਮਾ ਵਿਦਿਆਰਥੀਆਂ ਨੂੰ ਉੱਭਰ ਰਹੀਆਂ ਤਕਨੀਕਾਂ ਨਾਲ ਜਾਣੂ ਕਰਵਾਉਣਾ ਸੀ। ਵਿਦਿਆਰਥੀਆਂ ਨੂੰ IoT ਦੀਆਂ ਬੁਨਿਆਦੀ ਧਾਰਨਾਵਾਂ, ਇਸ ਦੀ ਬਣਤਰ, ਮੁੱਖ ਭਾਗਾਂ ਅਤੇ ਰੋਜ਼ਾਨਾ ਜੀਵਨ ਦੇ ਨਾਲ-ਨਾਲ ਉਦਯੋਗਿਕ ਖੇਤਰਾਂ ਵਿੱਚ ਇਸ ਦੇ ਉਪਯੋਗਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਰਾਸਪਬੇਰੀ ਪਾਈ, ਸੈਂਸਰਾਂ ਅਤੇ IoT ਹਾਰਡਵੇਅਰ ਦੇ ਭਾਗਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਵਿਹਾਰਕ ਪ੍ਰਦਰਸ਼ਨਾਂ ਰਾਹੀਂ ਵਿਦਿਆਰਥੀਆਂ ਨੇ ਵੱਖ-ਵੱਖ ਸੈਂਸਰਾਂ ਦੀ ਕਾਰਜਪ੍ਰਣਾਲੀ, ਰਾਸਪਬੇਰੀ ਪਾਈ ਨਾਲ ਉਨ੍ਹਾਂ ਦੀ ਇੰਟਰਫੇਸਿੰਗ ਅਤੇ ਆਪਸ ਵਿੱਚ ਜੁੜੇ ਉਪਕਰਣਾਂ ਤੋਂ ਡਾਟਾ ਇਕੱਠਾ ਕਰਨ ਅਤੇ ਉਸ ਦੀ ਪ੍ਰੋਸੈਸਿੰਗ ਕਰਨ ਦੇ ਬੁਨਿਆਦੀ ਸਿਧਾਂਤਾਂ ਨੂੰ ਸਮਝਿਆ। ਸੈਸ਼ਨ ਦੌਰਾਨ ਸਮਾਰਟ ਹੋਮ, ਸਿਹਤ ਸੇਵਾਵਾਂ, ਖੇਤੀਬਾੜੀ, ਉਦਯੋਗਿਕ ਆਟੋਮੇਸ਼ਨ ਅਤੇ ਸਮਾਰਟ ਸਿਟੀਜ਼ ਵਰਗੇ ਖੇਤਰਾਂ ਵਿੱਚ IoT ਦੇ ਉਪਯੋਗਾਂ ਬਾਰੇ ਵੀ ਚਾਨਣਾ ਪਾਇਆ ਗਿਆ। ਸੰਵਾਦਾਤਮਕ ਸਿੱਖਿਆ ਪਹੁੰਚ ਨੇ ਵਿਦਿਆਰਥੀਆਂ ਨੂੰ ਇਹ ਸਮਝਣ ਵਿੱਚ ਮਦਦ ਕੀਤੀ ਕਿ ਕਿਵੇਂ ਭੌਤਿਕ ਉਪਕਰਣ, ਸੈਂਸਰ ਅਤੇ ਕੰਪਿਊਟਿੰਗ ਪਲੇਟਫਾਰਮ ਮਿਲ ਕੇ ਬੁੱਧੀਮਾਨ ਅਤੇ ਆਪਸ ਵਿੱਚ ਜੁੜੇ ਸਿਸਟਮ ਵਿਕਸਿਤ ਕਰਨ ਵਿੱਚ ਸਹਾਇਤਾ ਕਰਦੇ ਹਨ। ਇਸ ਸਿਖਲਾਈ ਰਾਹੀਂ ਵਿਦਿਆਰਥੀਆਂ ਨੂੰ ਆਪਣੀ ਤਕਨੀਕੀ ਸਮਝ ਮਜ਼ਬੂਤ ਕਰਨ ਅਤੇ ਰਵਾਇਤੀ ਕਲਾਸਰੂਮ ਸਿੱਖਿਆ ਤੋਂ ਅੱਗੇ ਵਧ ਕੇ ਉੱਭਰ ਰਹੀਆਂ ਤਕਨੀਕਾਂ ਦਾ ਵਿਹਾਰਕ ਤਜਰਬਾ ਹਾਸਲ ਕਰਨ ਦਾ ਮੌਕਾ ਮਿਲਿਆ। ਇਹ ਪਹਿਲਕਦਮੀ ਹੁਨਰ ਵਿਕਾਸ, ਵਿਹਾਰਕ ਸਿੱਖਿਆ ਅਤੇ ਉਦਯੋਗ ਦੀਆਂ ਲੋੜਾਂ ਅਨੁਸਾਰ ਤਕਨੀਕੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ PEC ਦੇ ਲਗਾਤਾਰ ਯਤਨਾਂ ਦਾ ਹਿੱਸਾ ਹੈ। ਇਸ ਦਾ ਉਦੇਸ਼ ਡਿਪਲੋਮਾ ਵਿਦਿਆਰਥੀਆਂ ਨੂੰ ਉਨ੍ਹਾਂ ਤਕਨੀਕਾਂ ਦਾ ਬੁਨਿਆਦੀ ਗਿਆਨ ਪ੍ਰਦਾਨ ਕਰਨਾ ਹੈ, ਜਿਨ੍ਹਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਤੇਜ਼ੀ ਨਾਲ ਅਪਣਾਇਆ ਜਾ ਰਿਹਾ ਹੈ।

ਪੀ.ਜੀ.ਆਈ. ਨੇ ਪੰਚਕੂਲਾ ਸਕੂਲ ਘਟਨਾ ਵਿੱਚ ਜ਼ਖਮੀ ਛੇ ਸਾਲਾ ਬੱਚੀ ਨੂੰ ਛੁੱਟੀ ਦਿੱਤੀ; ਪੂਰਾ ਇਲਾਜ ਮੁਫਤ ਪ੍ਰਦਾਨ ਕੀਤਾ ਗਿਆ

ਚੰਡੀਗੜ੍ਹ, 4 ਨਵੰਬਰ (ਪੈ.ਗਾਮ-ਏ-ਜਗਤ)

ਇੱਕ ਦਿਲ ਨੂੰ ਛੂਹਣ ਵਾਲੇ ਵਿਕਾਸ ਵਿੱਚ, ਛੇ ਸਾਲਾ ਬੱਚੀ ਜਿਸਨੂੰ ਪੰਚਕੂਲਾ ਵਿੱਚ ਮੰਦਭਾਗੀ ਸਕੂਲ ਘਟਨਾ ਤੋਂ ਬਾਅਦ 28 ਅਕਤੂਬਰ ਨੂੰ ਪੋਸਟਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ, ਚੰਡੀਗੜ੍ਹ ਵਿੱਚ ਦਾਖਲ ਕਰਵਾਇਆ ਗਿਆ ਸੀ, ਨੂੰ ਸੰਸਥਾ ਵਿੱਚ ਵਿਆਪਕ ਡਾਕਟਰੀ ਦੇਖਭਾਲ ਪ੍ਰਾਪਤ ਕਰਨ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ।

• ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਨਿੱਜੀ ਤੌਰ 'ਤੇ ਬੱਚੀ ਦੀ ਸਿਹਤ ਦੀ ਨਿਗਰਾਨੀ ਕੀਤੀ; ਬਹੁ-ਅਨੁਸ਼ਾਸਨੀ ਟੀਮ ਨੇ ਵਿਆਪਕ ਦੇਖਭਾਲ ਅਤੇ ਰਿਕਵਰੀ ਨੂੰ ਯਕੀਨੀ ਬਣਾਇਆ

ਬੱਚੀ ਦਾ ਇਲਾਜ ਬਹੁਤ ਧਿਆਨ ਅਤੇ ਸੰਵੇਦਨਸ਼ੀਲਤਾ ਨਾਲ ਕੀਤਾ ਗਿਆ, ਸੰਸਥਾ ਨੇ ਇਲਾਜ ਦੀ ਲਾਗਤ ਅਤੇ ਪ੍ਰਾਈਵੇਟ ਕਮਰੇ ਦੀਆਂ ਸਹੂਲਤਾਂ ਸਮੇਤ ਸਾਰੇ ਖਰਚੇ ਚੁੱਕੇ, ਇਹ ਯਕੀਨੀ ਬਣਾਇਆ ਕਿ ਇਸ ਮੁਸ਼ਕਲ ਸਮੇਂ ਦੌਰਾਨ ਪਰਿਵਾਰ ਨੂੰ ਕੋਈ ਵਿੱਤੀ ਬੋਝ ਨਾ ਝੱਲਣਾ ਪਵੇ।

ਪ੍ਰੋ. ਵਿਵੇਕ ਲਾਲ, ਡਾਇਰੈਕਟਰ, ਪੀਜੀਆਈ, ਜਿਨ੍ਹ

ਲਗਾਤਾਰ ਤੀਜੀ ਵਾਰ ਗੜ੍ਹਸ਼ੰਕਰ ਤੋਂ ਉਮੀਦਵਾਰ ਐਲਾਨੇ ਜਾਣ ਮਗਰੋਂ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਜਨ ਸੰਪਰਕ ਮੁਹਿੰਮ ਸ਼ੁਰੂ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਆਮ ਆਦਮੀ ਪਾਰਟੀ ਦੇ ਗੜ੍ਹਸ਼ੰਕਰ ਤੋਂ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਲਗਾਤਾਰ ਤੀਜੀ ਵਾਰ ਪਾਰਟੀ ਦਾ ਉਮੀਦਵਾਰ ਐਲਾਨਿਆ ਗਿਆ ਹੈ। ਇਸ ਐਲਾਨ ਮਗਰੋਂ ਉਨ੍ਹਾਂ ਨੇ ਜਨ ਸੰਪਰਕ ਮੁਹਿੰਮ ਸ਼ੁਰੂ ਕਰਦਿਆਂ ਪਾਰਟੀ ਲੀਡਰਸ਼ਿਪ ਅਤੇ ਲੋਕਾਂ ਦਾ ਧੰਨਵਾਦ ਕੀਤਾ।



ਮੁਹਿੰਮ ਦੇ ਹਿੱਸੇ ਵਜੋਂ ਰੌੜੀ ਨੇ ਅੱਡਾ ਝੁੰਗੀਆਂ ਸਥਿਤ ਮਾਤਾ ਸ਼ੀਤਲਾ ਦੇਵੀ ਮੰਦਰ ਵਿਖੇ ਮੱਥਾ ਟੇਕਿਆ ਅਤੇ ਇਲਾਕੇ ਦੀ ਤਰੱਕੀ, ਖੁਸ਼ਹਾਲੀ, ਸ਼ਾਂਤੀ ਅਤੇ ਆਪਸੀ ਭਾਈਚਾਰੇ ਲਈ ਅਰਦਾਸ ਕੀਤੀ। ਇਸ ਤੋਂ ਬਾਅਦ ਉਨ੍ਹਾਂ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਬਾਜ਼ਾਰ ਵਿੱਚ ਪੈਦਲ ਮਾਰਚ ਕੀਤਾ। ਇਸ ਦੌਰਾਨ ਉਨ੍ਹਾਂ ਦੁਕਾਨਦਾਰਾਂ, ਵਪਾਰੀਆਂ ਅਤੇ ਇਲਾਕਾ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਹੱਲ ਲਈ ਯਤਨ ਕਰਨ ਦਾ ਭਰੋਸਾ ਦਿੱਤਾ। ਰੌੜੀ ਨੇ ਕਿਹਾ ਕਿ ਲੋਕਾਂ ਵੱਲੋਂ ਉਨ੍ਹਾਂ 'ਤੇ ਜਤਾਇਆ ਗਿਆ ਭਰੋਸਾ ਇੱਕ ਵੱਡੀ ਜ਼ਿੰਮੇਵਾਰੀ ਹੈ, ਜਿਸ ਨੂੰ ਉਹ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ। ਉਨ੍ਹਾਂ ਲੋਕਾਂ ਵਿੱਚ ਰਹਿ ਕੇ ਹਲਕੇ ਦੇ ਸਰਬਪੱਖੀ ਵਿਕਾਸ ਅਤੇ ਬਿਹਤਰ ਸਹੂਲਤਾਂ ਲਈ ਕੰਮ ਕਰਦੇ ਰਹਿਣ ਦੀ ਵਚਨਬੱਧਤਾ ਦੁਹਰਾਈ।

ਉਨ੍ਹਾਂ ਪਾਰਟੀ ਆਗੂਆਂ, ਵਰਕਰਾਂ ਅਤੇ ਵਲੰਟੀਅਰਾਂ ਦਾ ਵੀ ਧੰਨਵਾਦ ਕੀਤਾ ਅਤੇ ਕਿਹਾ ਕਿ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਵਰਕਰ ਹੀ ਪਾਰਟੀ ਦੀ ਤਾਕਤ ਹਨ। ਜਨ ਸੰਪਰਕ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗੀ। ਇਸ ਮੌਕੇ ਸੰਗਠਨ ਇੰਚਾਰਜ ਚਰਨਜੀਤ ਸਿੰਘ ਚੰਨੀ, ਮਾਰਕੀਟ ਕਮੇਟੀ ਦੇ ਚੇਅਰਮੈਨ ਬਲਦੀਪ ਸਿੰਘ ਸੈਣੀ, ਯੂਥ ਪ੍ਰਧਾਨ ਪ੍ਰਿੰਸ ਚੌਧਰੀ, ਬਲਾਕ ਪ੍ਰਧਾਨ, ਸੋਸ਼ਲ ਮੀਡੀਆ ਟੀਮ ਦੇ ਮੈਂਬਰ, ਗ੍ਰਾਮ ਪੰਚਾਇਤਾਂ ਦੇ ਨੁਮਾਇੰਦੇ, ਸੀਨੀਅਰ ਆਗੂ, ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਤੇ ਵਲੰਟੀਅਰ ਮੌਜੂਦ ਸਨ।

ਗ੍ਰੀਨ ਦਿਵਾਲੀ ਮਨਾ ਕੇ ਵਾਤਾਵਰਨ ਨੂੰ ਸ਼ੁੱਧ ਕਰਨ ਦਾ ਸੁਨੇਹਾ ਦਈਏ : ਜਿੰਦਰ ਧੋਲ

ਪੈ.ਗਾਮ-ਏ-ਜਗਤ/ਬਲਾਚੌਰ
3 ਨਵੰਬਰ (ਜਤਿੰਦਰ ਪਾਲ ਸਿੰਘ ਕਲੇਰ)

ਦਿਵਾਲੀ ਅਤੇ ਬੰਦੀ ਛੋੜ ਦਿਵਸ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਸੀਨੀਅਰ ਕਾਂਗਰਸੀ ਆਗੂ ਅਤੇ ਉੱਘੇ ਸਮਾਜ ਸੇਵੀ ਜਿੰਦਰ ਧੋਲ ਵੱਲੋਂ ਸਮੂਹ ਇਲਾਕਾ ਨਿਵਾਸੀਆਂ ਨੂੰ ਤਹਿ ਦਿਲੋਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਪੰਜਾਬ ਨਿਵਾਸੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਇਸ ਵਾਰ ਖੁਸ਼ੀਆਂ ਭਰੀ ਦਿਵਾਲੀ ਨੂੰ ਗ੍ਰੀਨ ਦਿਵਾਲੀ ਵਜੋਂ ਮਨਾ ਕੇ ਵਾਤਾਵਰਨ ਨੂੰ ਸ਼ੁੱਧ ਰੱਖਣ ਦਾ ਸੁਨੇਹਾ ਦੇਣਾ ਚਾਹੀਦਾ ਹੈ। ਜਿੰਦਰ ਕਿਹਾ ਕਿ ਪਟਾਖਿਆਂ ਅਤੇ ਪ੍ਰਦੂਸ਼ਣ ਤੋਂ ਦੂਰ ਰਹਿ ਕੇ ਸਾਨੂੰ ਵਾਤਾਵਰਨ ਨੂੰ ਬਚਾਉਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਅਜਿਹੇ ਪਵਿੱਤਰ ਤਿਉਹਾਰਾਂ 'ਤੇ ਸਾਨੂੰ ਨਸ਼ਾ ਮੁਕਤੀ ਦਾ ਪ੍ਰਣ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਇੱਕ ਮਿੱਠਾ ਜ਼ਹਿਰ ਹੈ, ਜੋ ਮਨੁੱਖ ਦੀ ਜ਼ਿੰਦਗੀ ਨੂੰ ਅੰਦਰੋਂ-ਅੰਦਰੀ ਖਤਮ ਕਰ ਦਿੰਦਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇਸ ਭੈੜੀ ਆਲਾਮਤ ਤੋਂ ਦੂਰ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪਵਿੱਤਰ ਤਿਉਹਾਰ ਸਾਨੂੰ ਆਪਸ ਵਿੱਚ ਰਲ-ਮਿਲ ਕੇ ਰਹਿਣ ਅਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਸੁਨੇਹਾ ਦਿੰਦੇ ਹਨ। ਸਾਨੂੰ ਹਰ ਤਿਉਹਾਰ ਨੂੰ ਖੁਸ਼ੀ-ਖੁਸ਼ੀ ਅਤੇ ਆਪਸੀ ਪਿਆਰ ਨਾਲ ਮਨਾਉਣਾ ਚਾਹੀਦਾ ਹੈ।



Happy Anniversary



ਰਵੀ ਕੁਮਾਰ ਅਤੇ ਪੂਜਾ
ਵਾਸੀ ਬਲਾਚੌਰ ਨੂੰ 'ਪੈ.ਗਾਮ-ਏ-ਜਗਤ' ਦੇ ਸਮੂਹ ਪਰਿਵਾਰ ਵਲੋਂ ਵਿਆਹ ਦੀ 17ਵੀਂ ਵਰ੍ਹੇਗੰਢ ਦੀਆਂ ਬਹੁਤ-ਬਹੁਤ ਮੁਬਾਰਕਾਂ

650ਵੇਂ ਗੁਰਪੁਰਬ ਸਮਾਗਮਾਂ ਦੀਆਂ ਤਿਆਰੀਆਂ ਦਾ ਡਿਪਟੀ ਸਪੀਕਰ ਰੌੜੀ ਨੇ ਲਿਆ ਜਾਇਜ਼ਾ

ਸੰਗਤ ਦੀ ਸਹੂਲਤ ਲਈ ਪੁਖ਼ਤਾ ਪ੍ਰਬੰਧ ਕਰਨ ਦੇ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ/ਹੁਸ਼ਿਆਰਪੁਰ
(ਹਰੀ ਕ੍ਰਿਸ਼ਨ ਗੰਗੜ)

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਗੁਰਪੁਰਬ ਨੂੰ ਸਮਰਪਿਤ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਵਿਖੇ ਕਰਵਾਏ ਜਾਣ ਵਾਲੇ ਵਿਸ਼ਾਲ ਧਾਰਮਿਕ ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਦੌਰਾਨ ਉਨ੍ਹਾਂ ਸਮਾਗਮਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਹਾਸਲ ਕੀਤੀ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।ਮੀਟਿੰਗ ਦੌਰਾਨ ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਗੁਰਪੁਰਬ ਸਮੁੱਚੀ ਸੰਗਤ ਲਈ ਬੇਹੱਦ ਮਹੱਤਵਪੂਰਨ ਅਤੇ ਇਤਿਹਾਸਕ ਮੌਕਾ ਹੈ। ਸ੍ਰੀ ਖੁਰਾਲਗੜ੍ਹ ਸਾਹਿਬ ਉਹ ਪਵਿੱਤਰ ਅਸਥਾਨ ਹੈ, ਜਿਸ ਦਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੀਵਨ ਯਾਤਰਾ ਅਤੇ ਇਤਿਹਾਸਕ ਵਿਰਾਸਤ ਨਾਲ ਵਿਸ਼ੇਸ਼ ਸਬੰਧ ਹੈ।



ਇਸ ਲਈ ਇੱਥੇ ਹੋਣ ਵਾਲੇ ਸਮਾਗਮਾਂ ਦੀਆਂ ਤਿਆਰੀਆਂ ਪੂਰੀ ਸ਼ਰਧਾ, ਸੰਜੀਦਗੀ ਅਤੇ ਯੋਜਨਾਬੱਧ ਢੰਗ ਨਾਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਇਤਿਹਾਸਕ ਸਮਾਗਮਾਂ ਵਿੱਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਦੇ ਪਹੁੰਚਣ ਦੀ ਸੰਭਾਵਨਾ ਹੈ। ਇਸ ਨੂੰ ਧਿਆਨ ਵਿੱਚ ਰੱਖਦਿਆਂ ਸੰਗਤ ਦੀ ਆਵਾਜਾਈ, ਵਾਹਨਾਂ ਦੀ ਪਾਰਕਿੰਗ, ਸੜਕਾਂ ਦੀ ਮੁਰੰਮਤ ਅਤੇ ਵਿਵਸਥਾ, ਪੀਣ ਵਾਲੇ ਸਾਫ਼ ਪਾਣੀ, ਸਾਫ਼-ਸਫ਼ਾਈ, ਰੌਸ਼ਨੀ, ਸਿਹਤ ਸਹੂਲਤਾਂ ਅਤੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾਣ।ਡਿਪਟੀ ਸਪੀਕਰ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਵਿਭਾਗ ਨਾਲ ਸਬੰਧਤ ਕੰਮਾਂ ਦੀ ਰੂਪ-ਰੇਖਾ ਤਿਆਰ ਕਰਕੇ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਵਿਭਾਗ ਦੀ ਅਣਗਹਿਲੀ ਕਾਰਨ ਸੰਗਤ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਸਾਰੇ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ ਅਤੇ ਪ੍ਰਬੰਧਾਂ ਦੀ ਨਿਰੰਤਰ ਨਿਗਰਾਨੀ ਵੀ ਯਕੀਨੀ ਬਣਾਉਣ।ਉਨ੍ਹਾਂ ਵਿਸ਼ੇਸ਼ ਤੌਰ 'ਤੇ ਆਵਾਜਾਈ ਦੇ ਪ੍ਰਬੰਧਾਂ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚਣ ਵਾਲੀ ਸੰਗਤ ਲਈ ਆਵਾਜਾਈ ਸੁਚਾਰੂ ਬਣਾਉਣ ਵਾਸਤੇ ਢੁੱਕਵੀਂ ਯੋਜਨਾ ਤਿਆਰ ਕੀਤੀ ਜਾਵੇ, ਤਾਂ ਜੋ ਗੁਰਪੁਰਬ ਸਮਾਗਮਾਂ ਦੌਰਾਨ ਕਿਸੇ ਤਰ੍ਹਾਂ ਦੀ ਟ੍ਰੈਫਿਕ ਸਮੱਸਿਆ ਪੈਦਾ ਨਾ ਹੋਵੇ। ਇਸ ਤੋਂ ਇਲਾਵਾ ਐਮਰਜੈਂਸੀ ਸਿਹਤ ਸੇਵਾਵਾਂ, ਐਂਬੂਲੈਂਸਾਂ, ਮੈਡੀਕਲ ਟੀਮਾਂ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦਾ ਵੀ ਢੁੱਕਵਾਂ ਪ੍ਰਬੰਧ ਕੀਤਾ ਜਾਵੇ।ਸ. ਰੌੜੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮੁੱਚੀ ਮਨੁੱਖਤਾ ਨੂੰ ਬਰਾਬਰਤਾ, ਆਪਸੀ ਭਾਈਚਾਰੇ, ਸਾਂਝੀਵਾਲਤਾ ਅਤੇ ਮਾਨਵਤਾ ਦੀ ਸੇਵਾ ਦਾ ਮਹਾਨ ਸੰਦੇਸ਼ ਦਿੱਤਾ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਨੂੰ ਸਹੀ ਦਿਸ਼ਾ ਦਿਖਾਉਂਦੀਆਂ ਹਨ। ਉਨ੍ਹਾਂ ਕਿਹਾ ਕਿ 650ਵੇਂ ਗੁਰਪੁਰਬ ਦੇ ਸਮਾਗਮਾਂ ਵਿੱਚ ਵੱਧ ਤੋਂ ਵੱਧ ਸੰਗਤ ਦੀ ਸ਼ਮੂਲੀਅਤ ਯਕੀਨੀ ਬਣਾਉਣ ਦੇ ਨਾਲ-ਨਾਲ ਧਾਰਮਿਕ ਮਰਿਆਦਾ ਅਤੇ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਪਵਿੱਤਰਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।ਉਨ੍ਹਾਂ ਕਿਹਾ ਕਿ ਇਹ ਸਮਾਗਮ ਕੇਵਲ ਇੱਕ ਧਾਰਮਿਕ ਸਮਾਗਮ ਨਹੀਂ, ਸਗੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਚਾਰਧਾਰਾ, ਸਰਬ-ਸਾਂਝੀਵਾਲਤਾ ਅਤੇ ਇਤਿਹਾਸਕ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਵੀ ਅਹਿਮ ਮੌਕਾ ਹਨ। ਇਸ ਲਈ ਹਰੇਕ ਅਧਿਕਾਰੀ ਅਤੇ ਸਬੰਧਤ ਵਿਭਾਗ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵੇ, ਤਾਂ ਜੋ ਇਹ ਇਤਿਹਾਸਕ ਸਮਾਗਮ ਸੁਚਾਰੂ, ਸ਼ਾਂਤੀਪੂਰਨ ਅਤੇ ਸੁਚੱਜੇ ਢੰਗ ਨਾਲ ਨੇਪਰੇ ਚੜ੍ਹ ਸਕਣ।ਮੀਟਿੰਗ ਦੌਰਾਨ ਸਮਾਗਮਾਂ ਨਾਲ ਸਬੰਧਤ ਵੱਖ-ਵੱਖ ਪ੍ਰਬੰਧਕੀ ਪਹਿਲੂਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਅਗਲੇਰੀ ਕਾਰਵਾਈ ਲਈ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ।

ਸਰਦਾਰ ਸੁਖਬੀਰ ਬਾਦਲ ਦੀ ਦੂਰ-ਅੰਦੇਸ਼ੀ ਸੋਚ ਨਾਲ ਹੀ ਪੰਜਾਬ ਦੇ ਮਸਲੇ ਹੱਲ ਹੋਣਗੇ : ਗੁਰਪ੍ਰੀਤ ਗੁੱਜਰ ਰੈਲਮਾਜਰਾ

ਪੈ.ਗਾਮ-ਏ-ਜਗਤ/ਨਵਾਂਸ਼ਹਿਰ
4 ਨਵੰਬਰ (ਜਤਿੰਦਰ ਪਾਲ ਸਿੰਘ ਕਲੇਰ)

- ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਪੰਜਾਬ ਦੇ ਲੋਕਾਂ ਨੂੰ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਜੁੜਨ ਦੀ ਕੀਤੀ ਅਪੀਲ

ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਦੂਰ-ਅੰਦੇਸ਼ੀ ਸੋਚ ਨਾਲ ਹੀ ਪੰਜਾਬ ਦੇ ਮਸਲਿਆਂ ਨੂੰ ਹੱਲ ਕੀਤਾ ਜਾ ਸਕਦਾ ਹੈ।

ਉਨਾਂ ਕਿਹਾ ਕਿ ਪੰਜਾਬ ਇਸ ਸਮੇਂ ਕਈ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਜਿਸ ਨੂੰ ਸਿਰਫ ਇੱਕ ਖੇਤਰੀ ਪਾਰਟੀ ਹੀ ਸਮਝ ਸਕਦੀ ਹੈ। ਕੌਮੀ ਪਾਰਟੀਆਂ ਨੇ ਹਮੇਸ਼ਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ, ਜਦਕਿ ਸ਼੍ਰੋਮਣੀ ਅਕਾਲੀ ਦਲ ਹੀ ਇੱਕ ਅਜਿਹੀ ਪਾਰਟੀ ਹੈ ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕਰਦੀ ਹੈ।ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਵਿਕਾਸ ਦਾ ਜਾਲ ਵਿਛਾਇਆ ਸੀ, ਹਰ ਪਿੰਡ ਸ਼ਹਿਰ ਨੂੰ ਪੱਕੀਆਂ ਸੜਕਾਂ, ਪਾਣੀ, ਬਿਜਲੀ ਵਰਗੀਆਂ ਸਹੂਲਤਾਂ ਦਿੱਤੀਆਂ ਸਨ। ਉਨ੍ਹਾਂ ਦੀ ਸੋਚ ਹਮੇਸ਼ਾ ਪੰਜਾਬ ਨੂੰ ਦੇਸ਼ ਦਾ ਨੰਬਰ ਇੱਕ ਸੂਬਾ ਬਣਾਉਣ ਦੀ ਰਹੀ ਹੈ। ਇਸ ਲਈ ਉਨ੍ਹਾਂ ਪੰਜਾਬ ਦੇ ਲੋਕਾਂ, ਖਾਸ ਕਰਕੇ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਅਤੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਓ, ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਜੁੜ ਕੇ ਪੰਜਾਬ ਦੇ ਦੁੱਖਾਂ ਨੂੰ ਸੁੱਖਾਂ ਵਿੱਚ ਬਦਲਣ ਲਈ ਸਹਿਯੋਗ ਕਰੀਏ ਅਤੇ 2027 ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਦੀ ਸਰਕਾਰ ਬਣਾਈਏ।



ਵਿਧਾਇਕਾ ਸੰਤੋਸ਼ ਕਟਾਰੀਆ ਨੂੰ ਦੁਬਾਰਾ ਟਿਕਟ ਦੇਣ 'ਤੇ ਸੀਨੀਅਰ ਆਪ ਆਗੂ ਹਨੀ ਨੰਬਰਦਾਰ ਜੋਗੋਵਾਲ ਨੇ ਹਾਈਕਮਾਂਡ ਦਾ ਕੀਤਾ ਧੰਨਵਾਦ

ਪੈ.ਗਾਮ-ਏ-ਜਗਤ/ਬਲਾਚੌਰ
4 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)

- ਕਿਹਾ ਬਲਾਚੌਰ ਸੀਟ ਸਭ ਤੋਂ ਵੱਡੇ ਮਾਰਜਨ ਨਾਲ ਜਿੱਤ ਕੇ ਦੇਵਾਂਗੇ ਤੋਹਫਾ

ਬਲਾਚੌਰ ਵਿਧਾਨ ਸਭਾ ਹਲਕੇ ਤੋਂ ਮੌਜੂਦਾ ਵਿਧਾਇਕਾ ਸੰਤੋਸ਼ ਕਟਾਰੀਆ ਨੂੰ ਆਮ ਆਦਮੀ ਪਾਰਟੀ ਵੱਲੋਂ ਦੁਬਾਰਾ ਉਮੀਦਵਾਰ ਐਲਾਨੇ ਜਾਣ 'ਤੇ ਹਲਕੇ ਦੇ ਵਰਕਰਾਂ ਅਤੇ ਆਗੂਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਸਬੰਧੀ ਆਮ ਆਦਮੀ ਪਾਰਟੀ ਦੇ ਸੀਨੀਅਰ ਅਤੇ ਜੁਝਾਰੂ ਆਗੂ ਹਨੀ ਨੰਬਰਦਾਰ ਜੋਗੋਵਾਲ ਨੇ ਪਾਰਟੀ ਹਾਈਕਮਾਂਡ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ।

ਹਨੀ ਨੰਬਰਦਾਰ ਜੋਗੋਵਾਲ ਨੇ ਕਿਹਾ ਕਿ ਵਿਧਾਇਕਾ ਸੰਤੋਸ਼ ਕਟਾਰੀਆ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਬਲਾਚੌਰ ਹਲਕੇ ਵਿੱਚ ਵਿਕਾਸ ਦੀ ਨਵੀਂ ਇਬਾਰਤ ਲਿਖੀ ਹੈ। ਸਿੱਖਿਆ, ਸਿਹਤ, ਸੜਕਾਂ, ਪਾਣੀ ਅਤੇ ਨੌਜਵਾਨਾਂ ਦੇ ਰੁਜ਼ਗਾਰ ਲਈ ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ। ਪਾਰਟੀ ਹਾਈਕਮਾਂਡ ਨੇ ਇੱਕ ਇਮਾਨਦਾਰ, ਮਿਹਨਤੀ ਅਤੇ ਲੋਕਾਂ ਵਿੱਚ ਵਿਚਰਨ ਵਾਲੀ ਆਗੂ 'ਤੇ ਦੁਬਾਰਾ ਭਰੋਸਾ ਜਤਾਇਆ ਹੈ,

ਅੱਜ ਹੋਣ ਵਾਲੀ ਅਮਿਤ ਸ਼ਾਹ ਦੀ ਇਤਿਹਾਸਕ ਰੈਲੀ ਲਈ ਸਾਰੀਆਂ ਤਿਆਰੀਆਂ ਮੁਕੰਮਲ

ਪੈ.ਗਾਮ-ਏ-ਜਗਤ/ਅੰਬਾਲਾ, 4 ਨਵੰਬਰ (ਆਰ.ਸਿੰਘ)

ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ 5 ਨਵੰਬਰ ਨੂੰ ਹੋਣ ਵਾਲੀ ਵਿਸ਼ਾਲ ਰੈਲੀ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅੱਜ ਅੰਬਾਲਾ



- ਗਾਂਧੀ ਮੈਦਾਨ ਵਿੱਚ ਵੱਡੀ ਭੀੜ ਇਕੱਠੀ ਹੋਵੇਗੀ: ਕੈਬਨਿਟ ਮੰਤਰੀ ਅਨਿਲ ਵਿਜ

ਛਾਉਣੀ ਵਿੱਚ ਸ਼ਹੀਦ ਸਮਾਰਕ ਅਤੇ ਗਾਂਧੀ ਮੈਦਾਨ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ 5 ਨਵੰਬਰ ਨੂੰ ਅੰਬਾਲਾ ਛਾਉਣੀ ਦੇ ਗਾਂਧੀ ਮੈਦਾਨ ਵਿੱਚ ਹੋਣ ਵਾਲੀ ਰੈਲੀ ਇਤਿਹਾਸਕ ਹੋਵੇਗੀ। ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਰੈਲੀ ਨੂੰ ਸੰਬੋਧਨ ਕਰਨਗੇ। ਹਰਿਆਣਾ ਭਰ ਤੋਂ ਹਜ਼ਾਰਾਂ ਲੋਕ ਉਨ੍ਹਾਂ ਨੂੰ ਸੁਣਨ ਲਈ ਅੰਬਾਲਾ ਛਾਉਣੀ ਆਉਣਗੇ।

ਉਨ੍ਹਾਂ ਕਿਹਾ ਕਿ 5 ਨਵੰਬਰ ਅੰਬਾਲਾ ਛਾਉਣੀ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦਾ ਅੰਬਾਲਾ ਵਿੱਚ ਆਉਣਾ ਇਸ ਖੇਤਰ ਲਈ ਮਾਣ ਵਾਲੀ ਗੱਲ ਹੈ। ਅਮਿਤ ਸ਼ਾਹ ਅੰਬਾਲਾ ਛਾਉਣੀ ਵਿੱਚ ਸ਼ਹੀਦ ਸਮਾਰਕ ਦਾ ਉਦਘਾਟਨ ਕਰਨਗੇ ਅਤੇ ਗਾਂਧੀ ਮੈਦਾਨ ਵਿੱਚ ਰੈਲੀ ਨੂੰ ਸੰਬੋਧਨ ਕਰਨਗੇ। ਉਨ੍ਹਾਂ ਕਿਹਾ ਕਿ ਇਸ ਰੈਲੀ ਵਿੱਚ ਸੂਬੇ ਭਰ ਤੋਂ ਵੱਡੀ ਗਿਣਤੀ ਵਿੱਚ ਲੋਕ ਹਿੱਸਾ ਲੈਣਗੇ। ਉਨ੍ਹਾਂ ਅੱਗੇ ਕਿਹਾ ਕਿ ਰੈਲੀ ਦੇ ਸਫਲ ਆਯੋਜਨ ਲਈ ਸਾਰੇ ਜ਼ਰੂਰੀ ਪ੍ਰਬੰਧਾਂ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਾਨਦਾਰ ਸਮਾਰਕ ਵਿੱਚ 22 ਵੱਖਰੀਆਂ ਗੈਲਰੀਆਂ ਸਥਾਪਿਤ ਕੀਤੀਆਂ ਗਈਆਂ ਹਨ। ਇਹ ਗੈਲਰੀਆਂ 1857 ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਬ੍ਰਿਟਿਸ਼ ਸ਼ਾਸਨ ਵਿਰੁੱਧ ਲੜੀਆਂ ਗਈਆਂ ਲੜਾਈਆਂ, ਇਨਕਲਾਬੀਆਂ ਦੇ ਸੰਘਰਸ਼ਾਂ ਅਤੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਆਧੁਨਿਕ ਤਕਨਾਲੋਜੀ ਰਾਹੀਂ ਸਪਸ਼ਟ ਰੂਪ ਵਿੱਚ ਦਰਸਾਉਂਦੀਆਂ ਹਨ। ਸੈਲਾਨੀ ਉਸ ਇਤਿਹਾਸਕ ਸਮੇਂ ਦੀਆਂ ਘਟਨਾਵਾਂ ਨੂੰ ਨੇੜਿਉਂ ਦੇਖ ਅਤੇ ਸਮਝ ਸਕਣਗੇ।

ਵਿਜ ਨੇ ਕਿਹਾ ਕਿ 1857 ਦੀ ਆਜ਼ਾਦੀ ਦੀ ਪਹਿਲੀ ਜੰਗ ਭਾਰਤੀ ਇਤਿਹਾਸ ਦਾ ਇੱਕ ਬਹੁਤ ਮਹੱਤਵਪੂਰਨ ਅਧਿਆਇ ਹੈ। ਇਸ ਸੰਘਰਸ਼ ਵਿੱਚ ਦੇਸ਼ ਦੇ ਕਈ ਬਹਾਦਰ ਸੈਨਿਕਾਂ ਨੇ ਬ੍ਰਿਟਿਸ਼ ਸ਼ਾਸਨ ਵਿਰੁੱਧ ਲੜਦੇ ਹੋਏ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਅੰਬਾਲਾ ਵਿੱਚ ਸਥਾਪਿਤ ਇਹ ਸਮਾਰਕ ਉਨ੍ਹਾਂ ਬਹਾਦਰ ਸ਼ਹੀਦਾਂ ਦੇ ਯੋਗਦਾਨ ਅਤੇ ਕੁਰਬਾਨੀਆਂ ਦਾ ਸਨਮਾਨ ਕਰੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਜ਼ਾਦੀ ਸੰਗਰਾਮ ਦੇ ਸੱਚੇ ਇਤਿਹਾਸ ਤੋਂ ਜਾਣੂ ਕਰਵਾਏਗਾ। ਆਧੁਨਿਕ ਤਕਨਾਲੋਜੀ ਰਾਹੀਂ ਇਤਿਹਾਸ ਨੂੰ ਪੇਸ਼ ਕਰਨ ਦਾ ਇਹ ਯਤਨ ਨੌਜਵਾਨਾਂ ਲਈ ਵਿਸ਼ੇਸ਼ ਤੌਰ 'ਤੇ ਪ੍ਰੇਰਨਾਦਾਇਕ ਸਾਬਤ ਹੋਵੇਗਾ।

ਉਨ੍ਹਾਂ ਨੇ ਰਾਜ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਲਕੇ 5 ਨਵੰਬਰ ਨੂੰ ਵੱਡੀ ਗਿਣਤੀ ਵਿੱਚ ਅੰਬਾਲਾ ਛਾਉਣੀ ਦੇ ਗਾਂਧੀ ਗਰਾਊਂਡ ਵਿੱਚ ਪਹੁੰਚਣ ਅਤੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦੇ ਵਿਚਾਰ ਸੁਣਨ ਅਤੇ ਇਸ ਇਤਿਹਾਸਕ ਰੈਲੀ ਦਾ ਹਿੱਸਾ ਬਣਨ।

ਸ਼ਹੀਦਾਂ ਦੇ ਸਮਾਰਕ ਅਤੇ ਰੈਲੀ ਦੀਆਂ ਤਿਆਰੀਆਂ ਤੇ ਪ੍ਰਬੰਧਾਂ ਦੀ ਨਿਗਰਾਨੀ ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਕੇ.ਐਮ. ਪਾਂਡੂਰੰਗ ਦੁਆਰਾ ਵੀ ਕੀਤੀ ਜਾ ਰਹੀ ਹੈ। ਇਸੇ ਕ੍ਰਮ ਵਿੱਚ ਉਨ੍ਹਾਂ ਨੇ ਅੱਜ ਅੰਬਾਲਾ ਛਾਉਣੀ ਦੇ ਸ਼ਹੀਦ ਸਮਾਰਕ ਅਤੇ ਗਾਂਧੀ ਗਰਾਊਂਡ ਵਿਖੇ ਰੈਲੀ ਵਾਲੀ ਥਾਂ ਦਾ ਦੌਰਾ ਕੀਤਾ। ਪਾਂਡੂਰੰਗ ਨੇ ਕਿਹਾ ਕਿ ਪ੍ਰਸ਼ਾਸਨ ਅਤੇ ਸਬੰਧਿਤ ਵਿਭਾਗਾਂ ਨੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਦੇ ਪ੍ਰਸਤਾਵਿਤ ਸਮਾਗਮ ਲਈ ਸਾਰੀਆਂ ਜ਼ਰੂਰੀ ਤਿਆਰੀਆਂ ਕਰ ਲਈਆਂ ਹਨ। ਰੈਲੀ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ।

ਲੋਕ ਨਿਰਮਾਣ ਵਿਭਾਗ ਦੇ ਮੁਲਾਜ਼ਮਾਂ ਦੀ ਜ਼ਿਲ੍ਹਾ ਕਮੇਟੀ ਗਠਿਤ

ਪਟਿਆਲਾ, 4 ਨਵੰਬਰ (ਪੈ.ਗਾਮ-ਏ-ਜਗਤ)

ਪੰਜਾਬ ਲੋਕ ਨਿਰਮਾਣ (ਇਮਾਰਤਾਂ ਤੇ ਸੜਕਾਂ) ਵਿਭਾਗ ਦੇ ਤੀਜਾ ਅਤੇ ਚੌਥਾ ਦਰਜਾ ਟੈਕਨੀਕਲ, ਡਰਾਈਵਰ ਅਤੇ ਆਊਟਸੋਰਸ ਕਰਮਚਾਰੀਆਂ ਦੀ ਵਿਸ਼ਾਲ ਇਕੱਤਰਤਾ ਨਿਰਮਾਣ ਭਵਨ, ਮਿੰਨੀ ਸਕੱਤਰੇਤ ਵਿਖੇ ਹੋਈ। ਇਸ ਵਿੱਚ ਪਟਿਆਲਾ ਜ਼ਿਲ੍ਹੇ ਦੇ ਆਗੂ ਦਰਸ਼ਨ ਸਿੰਘ ਲੁਬਾਣਾ, ਰਾਮ ਲਾਲ ਰਾਮਾ, ਸ਼ਿਵ ਚਰਨ, ਨਾਰੰਗ ਸਿੰਘ, ਸੁਨੀਲ ਦੱਤ, ਧਰਮਿੰਦਰ ਕੁਮਾਰ ਅਤੇ ਲਖਵੀਰ ਸਿੰਘ ਸਮੇਤ ਹੋਰ ਆਗੂ ਸ਼ਾਮਲ ਹੋਏ। ਇਕੱਤਰਤਾ ਦੌਰਾਨ ਪੰਜਾਬ ਲੋਕ ਨਿਰਮਾਣ (ਇਮਾਰਤਾਂ ਤੇ ਸੜਕਾਂ) ਸ਼ਾਖਾ ਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1680) ਦੀ ਕੋਆਰਡੀਨੇਸ਼ਨ ਕਮੇਟੀ ਬਣਾਈ ਗਈ। ਇਸ ਦਾ ਮਕਸਦ ਆਊਟਸੋਰਸ



ਕਰਮਚਾਰੀਆਂ ਦੇ ਸੰਘਰਸ਼ਾਂ ਵਿੱਚ ਸਰਗਰਮ ਸ਼ਮੂਲੀਅਤ ਕਰਨਾ ਅਤੇ ਫੈਡਰੇਸ਼ਨ ਤੇ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਪੰਜਾਬ (1680) ਨਾਲ ਸਬੰਧਤ ਜਥੇਬੰਦੀਆਂ ਨੂੰ ਮਜ਼ਬੂਤ ਕਰਨਾ ਹੈ।

ਇਸ ਮੌਕੇ ਫੈਡਰੇਸ਼ਨ ਦੀ ਪਟਿਆਲਾ ਜ਼ਿਲ੍ਹਾ ਵਿਭਾਗੀ ਕਮੇਟੀ ਵੀ ਬਣਾਈ ਗਈ, ਜਿਸ ਵਿੱਚ ਵਿਭਾਗ ਦੇ ਮੁੱਖ ਦਫ਼ਤਰ ਸਮੇਤ ਸਰਕਲਾਂ, ਮੰਡਲਾਂ, ਉਪ ਮੰਡਲਾਂ ਅਤੇ ਰਿਸਰਚ ਲੈਬਾਰਟਰੀ ਨੂੰ ਸ਼ਾਮਲ ਕੀਤਾ ਗਿਆ। ਫੈਡਰੇਸ਼ਨ ਦੇ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ ਨੇ ਕਮੇਟੀ ਦੇ ਕੁੱਲ 41 ਅਹੁਦੇਦਾਰਾਂ ਦੀ ਸੂਚੀ ਜਾਰੀ ਕੀਤੀ ਅਤੇ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ। ਪ੍ਰਕਾਸ਼ ਸਿੰਘ ਲੁਬਾਣਾ ਨੂੰ ਪ੍ਰਧਾਨ, ਸਤਨਾਮ ਸਿੰਘ ਨੂੰ ਚੇਅਰਮੈਨ, ਮੋਦ ਨਾਥ ਸ਼ਰਮਾ, ਨਿਸ਼ਾ ਰਾਣੀ, ਸੁਭਾਸ਼ ਅਤੇ ਨਾਰੰਗ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਹਰਬੰਸ ਵਰਮਾ ਨੂੰ ਵਿੱਤ ਸਕੱਤਰ, ਰਿਸ਼ਭ ਭਸੀਨ ਅਤੇ ਸੋਮ ਨਾਥ ਡਰਾਈਵਰ ਨੂੰ ਵਾਈਸ ਪ੍ਰਧਾਨ ਅਤੇ ਲਖਵੀਰ ਸਿੰਘ ਲੱਕੀ ਤੇ ਗੁਰਿੰਦਰ ਸਿੰਘ ਨੂੰ ਡਿਪਟੀ ਚੇਅਰਮੈਨ ਚੁਣਿਆ ਗਿਆ।

ਹਰਦੀਪ ਸਿੰਘ ਅਤੇ ਹਰਬੰਸ ਸਿੰਘ ਘਨੌਰ ਨੂੰ ਮੀਤ ਪ੍ਰਧਾਨ, ਸਤਿਨਰਾਇਣ ਗੋਨੀ ਨੂੰ ਜਨਰਲ ਸਕੱਤਰ ਅਤੇ ਕੁਲਦੀਪ ਕੌਰ (ਕੋਮਲ ਬਾਵਾ) ਨੂੰ ਮੁੱਖ ਸਲਾਹਕਾਰ ਬਣਾਇਆ ਗਿਆ। ਸ਼ਮਿੰਦਰ ਸਿੰਘ ਨੂੰ ਵੀ ਵਾਈਸ ਪ੍ਰਧਾਨ ਚੁਣਿਆ ਗਿਆ। ਕਾਰਜਕਾਰੀ ਮੈਂਬਰਾਂ ਵਿੱਚ ਗੁਰਜੰਟ ਸਿੰਘ, ਰਜਿੰਦਰ ਸਿੰਘ, ਸੁਰਜੀਤ ਕੁਮਾਰ, ਅਨੂੰ ਮਹਿਰਾ, ਪ੍ਰਦੀਪ ਕੁਮਾਰ, ਰਮਨਦੀਪ, ਕਵਰ ਸਿੰਘ, ਸੁਮਨਦੀਪ ਸਿੰਘ, ਜਗਰੂਪ ਸਿੰਘ, ਸਰਦੂਲ ਸਿੰਘ, ਬਲਵੀਰ ਸਿੰਘ, ਹਰਨਾਮ ਸਿੰਘ, ਰਾਮ ਚੰਦਰ, ਰਾਜ ਕੁਮਾਰ, ਮੋਨੂੰ ਖਾਨ, ਹਰਿੰਦਰ ਸਿੰਘ, ਸੂਰਜ ਅਤੇ ਸੁਨੀਲ ਕੁਮਾਰ ਸ਼ਾਮਲ ਹਨ। ਦਰਸ਼ਨ ਸਿੰਘ ਲੁਬਾਣਾ ਦੇ ਨਾਲ ਜਸਪਾਲ ਸਿੰਘ ਮੋਹਰਾ, ਉਂਕਾਰ ਸਿੰਘ ਦਮਨ, ਜਸਵਿੰਦਰ ਸਿੰਘ ਅਤੇ ਕਰਮਜੀਤ ਸਿੰਘ ਟਿੱਕਾ ਨੂੰ ਮੁੱਖ ਸਲਾਹਕਾਰ ਚੁਣਿਆ ਗਿਆ।

ਬਸੰਤ ਰਿਤੂ ਕਲੱਬ ਨੇ ਕਰਵਾਏ 5 ਲੋੜਵੰਦਾਂ ਦੇ ਅੱਖਾਂ ਦੇ ਉਪਰੇਸ਼ਨ

ਪਟਿਆਲਾ, 3 ਨਵੰਬਰ (ਪੈ.ਗਾਮ-ਏ-ਜਗਤ)

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਗੁਰੂ ਤੇਗ ਬਹਾਦਰ ਅੱਖਾਂ ਦੇ ਹਸਪਤਾਲ ਸਾਹਮਣੇ ਦੁੱਖਨਿਵਾਰਨ ਸਾਹਿਬ ਪਟਿਆਲਾ ਵਿਖੇ ਮਾਸਿਕ ਅੱਖਾਂ ਦਾ ਚੈਕਅੱਪ ਅਤੇ ਉਪਰੇਸ਼ਨ ਕੈਂਪ ਲਗਾਇਆ ਗਿਆ। ਇਸ ਦੀ ਪ੍ਰਧਾਨਗੀ ਕਲੱਬ ਦੇ ਚੇਅਰਮੈਨ ਯਸ਼ਪਾਲ ਬੇਦੀ ਨੇ ਕੀਤੀ।

ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਨੇ ਆਖਿਆ ਕਿ ਡਾ. ਆਸ਼ਾ ਪ੍ਰਿਤਪਾਲ ਕੌਰ ਦੀ ਆਈ ਸਰਜਨ ਦੀ ਟੀਮ ਵਲੋਂ ਲੋੜਵੰਦ ਮਰੀਜਾਂ ਦਾ ਅੱਖਾਂ ਦਾ ਚੈਕਅੱਪ ਕੀਤਾ ਜਾਂਦਾ ਹੈ ਅਤੇ ਪੰਜ ਲੋੜਮੰਦ ਮਰੀਜਾਂ ਦੇ ਅੱਖਾਂ ਦੇ ਲੈਂਜ ਵਾਲੇ ਉਪਰੇਸ਼ਨ ਕੀਤੇ ਗਏ। ਡਾ.

- 33 ਸਾਲਾਂ ਤੋਂ ਕਲੱਬ ਕਰ ਰਿਹਾ ਹੈ ਸਮਾਜ ਸੇਵਾ ਦੇ ਕੰਮ : ਇੰਜੀ. ਆਕਰਸ਼ ਸ਼ਰਮਾ



ਆਸ਼ਾ ਪ੍ਰਿਤਪਾਲ ਕੌਰ ਨੇ ਆਖਿਆ ਕਿ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਜੋ ਕਿ ਪਿਛਲੇ 33 ਸਾਲਾਂ ਤੋਂ ਜਰੂਰਤਮੰਦ ਮਰੀਜਾਂ ਦੇ ਅੱਖਾਂ ਦੇ ਲੈਂਜ ਵਾਲੇ ਉਪਰੇਸ਼ਨ ਕਰਵਾ ਰਿਹਾ ਹੈ ਜੋ ਕਿ ਇੱਕ ਬਹੁਤ ਹੀ ਪਰਉਪਕਾਰ ਭਰੀ ਸੇਵਾ ਦੀ ਮਿਸਾਲ ਹੈ। ਕਲੱਬ ਦੇ ਚੇਅਰਮੈਨ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਦੱਸਿਆ ਕਿ ਬਸੰਤ ਰਿਤੂ ਕਲੱਬ ਵੱਲੋਂ ਹਰ ਮਹੀਨੇ ਲਗਾਏ ਜਾ ਰਹੇ ਅੱਖਾਂ ਦੇ ਮੁਫ਼ਤ ਉਪਰੇਸ਼ਨ ਕੈਂਪ ਵਿੱਚ ਪੰਜਾਬ ਸਟੇਟ ਤੋਂ ਬਾਹਰੀ ਸਟੇਟ ਤੋਂ ਆ ਕੇ ਵੀ ਇਸ ਕੈਂਪ ਦਾ ਲਾਭ ਉਠਾ ਰਹੇ ਹਨ। ਕਲੱਬ ਵੱਲੋਂ ਲੋੜਮੰਦ ਮਰੀਜ ਜ਼ੋ ਬਾਰਲੀਆਂ ਸਟੇਟਾਂ ਤੋਂ ਆਉਂਦੇ ਹਨ ਉਨ੍ਹਾਂ ਨੂੰ ਆਉਣ ਜਾਣ ਦਾ ਕਿਰਾਇਆ ਵੀ ਦਿੱਤਾ ਜਾਂਦਾ ਹੈ ਅਤੇ ਕਲੱਬ ਵੱਲੋਂ ਦਵਾਈਆਂ, ਐਨਕਾਂ ਵੀ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਕਲੱਬ ਵਲੋਂ ਹੁਣ ਤੱਕ ਲਗਭਗ 1500 ਲੋੜਮੰਦ ਮਰੀਜਾਂ ਦੇ ਅੱਖਾਂ ਦੇ ਲੈਂਜ ਵਾਲੇ ਉਪਰੇਸ਼ਨ ਕੀਤੇ ਜਾ ਚੁੱਕੇ ਹਨ। ਇਸ ਪ੍ਰੋਗਰਾਮ ਵਿੱਚ ਸੰਤੋਸ਼ ਕੁਮਾਰ ਲਾਲਵਾਨੀ, ਦੀਪਕ ਕੁਮਾਰ, ਧਰਮਿੰਦਰ ਕੁਮਾਰ, ਮੇਹਰਵਾਨ ਸਿੰਘ ਮਾਗੋ, ਰਮਾਕਾਂਤ ਦੂਬੇ, ਹਰਜੀਤ ਸਿੰਘ, ਆਦਿ ਨੇ ਭਾਗ ਲਿਆ।

ਰਾਹੁਲ ਗਾਂਧੀ ਦੀ ਰੈਲੀ ਤੋਂ ਬਾਅਦ ਕਾਂਗਰਸ ਨਾਲ ਸਬੰਧਤ 100 ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ

ਸੰਗਰੂਰ, 04 ਨਵੰਬਰ (ਪੈ.ਗਾਮ-ਏ-ਜਗਤ)

ਰਾਹੁਲ ਗਾਂਧੀ ਦੀ ਰੈਲੀ ਤੋਂ ਬਾਅਦ ਕਾਂਗਰਸ ਨਾਲ ਸਬੰਧਤ 100 ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਵਿਧਾਨ ਸਭਾ ਹਲਕਾ ਸੰਗਰੂਰ ਦੀ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਇਨ੍ਹਾਂ ਪਰਿਵਾਰਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਅਤੇ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਵਿਧਾਇਕ ਭਰਾਜ ਨੇ ਕਿਹਾ ਕਿ ਇਨ੍ਹਾਂ ਪਰਿਵਾਰਾਂ ਦੀ ਸ਼ਮੂਲੀਅਤ ਨਾਲ ਹਲਕਾ ਸੰਗਰੂਰ ਵਿੱਚ ਪਾਰਟੀ ਦੇ ਸੰਗਠਨ ਨੂੰ ਮਜ਼ਬੂਤੀ ਮਿਲੇਗੀ। ਉਨ੍ਹਾਂ ਨੇ ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਨੂੰ ਸੱਦਾ ਦਿੱਤਾ ਕਿ ਉਹ ਸਥਾਨਕ ਵਰਕਰਾਂ ਨਾਲ ਮਿਲ ਕੇ

- ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕੀਤਾ ਸਵਾਗਤ
- ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਨੂੰ ਬਣਦਾ ਮਾਣ-ਸਤਿਕਾਰ ਦੇਣ ਦਾ ਦਿੱਤਾ ਭਰੋਸਾ



ਆਪਣੇ ਇਲਾਕਿਆਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਸਾਹਮਣੇ ਲਿਆਉਣ, ਤਾਂ ਜੋ ਉਨ੍ਹਾਂ ਦੇ ਹੱਲ ਲਈ ਸਬੰਧਤ ਵਿਭਾਗਾਂ ਨਾਲ ਤਾਲਮੇਲ ਕੀਤਾ ਜਾ ਸਕੇ।

ਭਰਾਜ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਬਣਾਉਣਾ ਉਨ੍ਹਾਂ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦੀਆਂ ਤਰਜੀਹਾਂ ਤੈਅ ਕਰਨ ਵਿੱਚ ਸਥਾਨਕ ਵਸਨੀਕਾਂ ਦੀ ਰਾਏ ਅਹਿਮ ਹੈ ਅਤੇ ਲੋਕਾਂ ਵੱਲੋਂ ਦਿੱਤੇ ਸੁਝਾਅ ਇਲਾਕੇ ਦੀਆਂ ਅਸਲ ਲੋੜਾਂ ਸਮਝਣ ਵਿੱਚ ਮਦਦ ਕਰਦੇ ਹਨ। ਵਿਧਾਇਕ ਨੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਨਵੇਂ ਮੈਂਬਰਾਂ ਨੂੰ ਸਥਾਨਕ ਪੱਧਰ ਦੀਆਂ ਸਰਗਰਮੀਆਂ ਵਿੱਚ ਨਾਲ ਲੈ ਕੇ ਚੱਲਣ ਅਤੇ ਲੋਕਾਂ ਤੱਕ ਸਰਕਾਰੀ ਭਲਾਈ ਸਕੀਮਾਂ ਦੀ ਜਾਣਕਾਰੀ ਪਹੁੰਚਾਉਣ ਵਿੱਚ ਸਹਿਯੋਗ ਕਰਨ। ਉਨ੍ਹਾਂ ਨੇ ਸ਼ਾਮਲ ਹੋਏ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਲਕੇ ਦੇ ਵਿਕਾਸ ਅਤੇ ਲੋਕ ਮਸਲਿਆਂ ਦੇ ਹੱਲ ਲਈ ਸਾਰਿਆਂ ਦੇ ਸਹਿਯੋਗ ਨਾਲ ਕੰਮ ਕੀਤਾ ਜਾਵੇਗਾ। ਇਸ ਮੌਕੇ ਸੰਗਠਨ ਇੰਚਾਰਜ ਵਿਕਰਮ ਨਰਟੇ,ਪ੍ਰਧਾਨ ਅਵਤਾਰ ਤਾਰੀ, ਐਮ ਸੀ ਵਿੱਕੀ ਸੰਗਰੂਰ,ਸੁਖਵਿੰਦਰ ਮਾਨ,ਲੱਖਾ ਫੱਗੂਵਾਲ, ਐਮ ਸੀ ਰਾਜ ਨਫਰੀਆ, ਤੇਜਵਿੰਦਰ ਸਿੰਘ, ਚਮਕੌਰ ਖੇੜੀ ਚੰਦਵਾ ਹਾਜ਼ਰ ਸਨ।

ਪੰਜਾਬ ਰਾਜ ਦੀਆਂ ਮੰਡੀਆਂ ਵਿੱਚੋਂ 137.10 ਲੱਖ ਮੀਟ੍ਰਿਕ ਟਨ ਝੋਨੇ ਦੀ ਹੋਈ ਖਰੀਦ : ਹਰਚੰਦ ਸਿੰਘ ਬਰਸਟ

ਐਸ.ਏ.ਐਸ. ਨਗਰ (ਮੋਹਾਲੀ), 04 ਨਵੰਬਰ, (ਪੈ.ਗਾਮ-ਏ-ਜਗਤ)

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਸਾਉਣੀ ਖਰੀਦ ਸੀਜਨ 2026-27 ਤਹਿਤ ਝੋਨੇ ਦੇ ਖਰੀਦ ਕਾਰਜਾਂ ਤੇ ਸੰਤੁਸ਼ਟੀ ਜਤਾਉਂਦੀਆਂ ਦੱਸਿਆ ਕਿ ਪੰਜਾਬ ਰਾਜ ਦੀਆਂ ਮੰਡੀਆਂ ਵਿੱਚ ਕੀਤੇ ਗਏ ਪੁਖਤਾ ਪ੍ਰਬੰਧਾਂ ਸਦਕਾ ਹੁਣ ਤੱਕ 137.10 ਲੱਖ ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਖਰੀਦ ਹੋ ਚੁੱਕੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਸ. ਬਰਸਟ ਨੇ ਦੱਸਿਆ ਕਿ ਪੰਜਾਬ ਰਾਜ ਦੀਆਂ ਮੰਡੀਆਂ ਵਿੱਚ 3 ਨਵੰਬਰ ਤੱਕ 142.50 ਲੱਖ ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਆਮਦ ਹੋਈ ਹੈ, ਜਿਸ ਵਿੱਚੋਂ 137.10 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਹੋ ਚੁੱਕੀ ਹੈ। ਸਰਕਾਰੀ ਏਜੰਸੀਆਂ ਵੱਲੋਂ 135.46 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਮੰਡੀਆਂ ਵਿੱਚੋਂ 96.69 ਲੱਖ ਮੀਟ੍ਰ

ਤਿਉਹਾਰੀ ਸੀਜ਼ਨ ਦੌਰਾਨ ਊਨਾ ਵਿੱਚ ਖਣਨ ਸਮੱਗਰੀ ਲਿਜਾਣ ਵਾਲੇ ਭਾਰੀ ਵਾਹਨ ਸਵੇਰੇ 6 ਤੋਂ ਦੁਪਹਿਰ 2 ਵਜੇ ਤੱਕ ਹੀ ਚੱਲਣਗੇ

ਊਨਾ, 4 ਨਵੰਬਰ (ਪੈ.ਗਾਮ-ਏ-ਜਗਤ)

ਤਿਉਹਾਰੀ ਸੀਜ਼ਨ ਦੌਰਾਨ ਜ਼ਿਲ੍ਹੇ ਵਿੱਚ ਸ਼ਰਧਾਲੂਆਂ, ਸੈਲਾਨੀਆਂ ਅਤੇ ਆਮ ਲੋਕਾਂ ਦੀ ਵਧਦੀ ਆਵਾਜਾਈ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੇ ਖਣਨ ਅਤੇ ਖਣਿਜ ਸਮੱਗਰੀ ਲਿਜਾਣ ਵਾਲੇ ਸਾਰੇ ਭਾਰੀ ਵਾਹਨਾਂ ਦੇ ਚੱਲਣ ਦਾ ਸਮਾਂ ਨਿਰਧਾਰਤ ਕੀਤਾ ਹੈ। ਡਿਪਟੀ ਕਮਿਸ਼ਨਰ ਜਤਿਨ ਲਾਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਹੁਕਮ ਜਾਰੀ ਕਰਦਿਆਂ ਕਿਹਾ ਕਿ 5 ਤੋਂ 8 ਨਵੰਬਰ ਤੱਕ ਅਜਿਹੇ ਭਾਰੀ ਵਾਹਨ ਸਵੇਰੇ 6 ਵਜੇ ਤੋਂ ਦੁਪਹਿਰ 2 ਵਜੇ ਤੱਕ ਹੀ ਸੜਕਾਂ 'ਤੇ ਚੱਲ ਸਕਣਗੇ। ਨਿਰਧਾਰਤ ਸਮੇਂ ਤੋਂ ਇਲਾਵਾ ਪੂਰੇ ਜ਼ਿਲ੍ਹਾ ਊਨਾ ਵਿੱਚ ਇਨ੍ਹਾਂ ਵਾਹਨਾਂ ਦੀ ਆਵਾਜਾਈ 'ਤੇ ਪਾਬੰਦੀ ਰਹੇਗੀ। ਡਿਪਟੀ

- **5 ਤੋਂ 8 ਨਵੰਬਰ ਤੱਕ ਲਾਗੂ ਰਹੇਗੀ ਵਿਵਸਥਾ, ਡਿਪਟੀ ਕਮਿਸ਼ਨਰ ਜਤਿਨ ਲਾਲ ਨੇ ਧਾਰਾ 163 ਤਹਿਤ ਜਾਰੀ ਕੀਤੇ ਹੁਕਮ**



ਕਮਿਸ਼ਨਰ ਨੇ ਇਹ ਹੁਕਮ ਜਨਤਕ ਸੁਰੱਖਿਆ, ਸੁਚਾਰੂ ਆਵਾਜਾਈ ਪ੍ਰਬੰਧ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਦੇ ਉਦੇਸ਼ ਨਾਲ ਜਾਰੀ ਕੀਤੇ ਹਨ। ਪੁਲਿਸ ਕਪਤਾਨ ਊਨਾ ਨੇ ਇਸ ਸਬੰਧੀ ਡਿਪਟੀ ਕਮਿਸ਼ਨਰ ਨੂੰ ਭੇਜੇ ਪੱਤਰ ਵਿੱਚ ਖਣਨ ਅਤੇ ਖਣਿਜ ਸਮੱਗਰੀ ਲਿਜਾਣ ਵਾਲੇ ਭਾਰੀ ਵਾਹਨਾਂ ਕਾਰਨ ਆਵਾਜਾਈ ਵਿੱਚ ਰੁਕਾਵਟਾਂ, ਆਮ ਲੋਕਾਂ ਨੂੰ ਹੋਣ ਵਾਲੀ ਪਰੇਸ਼ਾਨੀ ਅਤੇ ਵਿਅਸਤ ਸੜਕਾਂ ਤੇ ਸੰਵੇਦਨਸ਼ੀਲ ਥਾਵਾਂ 'ਤੇ ਸੜਕ ਸੁਰੱਖਿਆ ਸਬੰਧੀ ਸੰਭਾਵਿਤ ਖਤਰਿਆਂ ਵੱਲ ਧਿਆਨ ਦਿਵਾਇਆ ਸੀ। ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਵਿਵਸਥਾ ਕੀਤੀ ਗਈ ਹੈ।

ਹੁਕਮਾਂ ਅਨੁਸਾਰ, 5 ਤੋਂ 8 ਨਵੰਬਰ ਤੱਕ ਨਿਰਧਾਰਤ ਸਮੇਂ ਤੋਂ ਬਾਹਰ ਜ਼ਿਲ੍ਹਾ ਊਨਾ ਦੀ ਕਿਸੇ ਵੀ ਸੜਕ 'ਤੇ ਅਜਿਹੇ ਭਾਰੀ ਵਾਹਨਾਂ ਨੂੰ ਚੱਲਣ ਦੀ ਇਜਾਜ਼ਤ ਨਹੀਂ ਹੋਵੇਗੀ। ਪੁਲਿਸ ਕਪਤਾਨ, ਸਾਰੇ ਉਪਮੰਡਲ ਮੈਜਿਸਟ੍ਰੇਟ ਅਤੇ ਸਬੰਧਤ ਅਧਿਕਾਰੀ ਆਪਣੇ-ਆਪਣੇ ਖੇਤਰਾਂ ਵਿੱਚ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣਗੇ। ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਪੈਨਸ਼ਨ ਲਾਭਪਾਤਰੀ ਆਪਣੇ ਬੈਂਕ ਅਤੇ ਡਾਕਘਰ ਦੇ ਖਾਤਿਆਂ ਦੀ ਆਧਾਰ ਸੀਡਿੰਗ ਕਰਵਾਉਣ

ਊਨਾ, 4 ਨਵੰਬਰ (ਪੈ.ਗਾਮ-ਏ-ਜਗਤ)

ਸਮਾਜਿਕ ਸੁਰੱਖਿਆ ਪੈਨਸ਼ਨ ਦਾ ਲਾਭ ਆਨਲਾਈਨ ਮਾਧਿਅਮ ਰਾਹੀਂ ਸਿੱਧਾ ਬੈਂਕ ਅਤੇ ਡਾਕਘਰ ਦੇ ਬੱਚਤ ਖਾਤਿਆਂ ਵਿੱਚ ਪਹੁੰਚਾਉਣ ਲਈ ਲਾਭਪਾਤਰੀਆਂ ਦੇ ਖਾਤਿਆਂ ਦੀ ਆਧਾਰ ਸੀਡਿੰਗ ਲਾਜ਼ਮੀ ਹੈ। ਜ਼ਿਲ੍ਹਾ ਭਲਾਈ ਅਧਿਕਾਰੀ ਆਵਾਸ ਪੰਡਿਤ ਨੇ ਪੈਨਸ਼ਨਰਾਂ ਨੂੰ ਆਪਣੇ ਬੈਂਕ ਜਾਂ ਡਾਕਘਰ ਦੇ ਬੱਚਤ ਖਾਤਿਆਂ ਦੀ ਆਧਾਰ ਸੀਡਿੰਗ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ, ਤਾਂ ਜੋ ਪੈਨਸ਼ਨ ਦੀ ਰਕਮ ਦਾ ਤਬਾਦਲਾ ਸੁਚਾਰੂ ਢੰਗ ਨਾਲ ਹੁੰਦਾ ਰਹੇ।

- **ਮੁੱਖ ਮੰਤਰੀ ਸਹਾਰਾ ਯੋਜਨਾ ਦੇ ਲਾਭਪਾਤਰੀਆਂ ਨੂੰ ਅਪ੍ਰੈਲ ਅਤੇ ਸਤੰਬਰ ਵਿੱਚ ਲੋੜੀਂਦੇ ਸਰਟੀਫਿਕੇਟ ਅਪਲੋਡ ਕਰਨੇ ਹੋਣਗੇ**



ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਹਾਰਾ ਯੋਜਨਾ ਦੇ ਲਾਭਪਾਤਰੀਆਂ ਨੂੰ ਯੋਜਨਾ ਦਾ ਲਗਾਤਾਰ ਲਾਭ ਪ੍ਰਾਪਤ ਕਰਨ ਲਈ ਹਰ ਸਾਲ ਅਪ੍ਰੈਲ ਅਤੇ ਸਤੰਬਰ ਮਹੀਨੇ ਵਿੱਚ ਪਿਛਲੇ ਛੇ ਮਹੀਨਿਆਂ ਦਾ ਜੀਵਨ ਸਰਟੀਫਿਕੇਟ, ਬੀਪੀਐਲ ਸਰਟੀਫਿਕੇਟ, ਆਮਦਨ ਸਰਟੀਫਿਕੇਟ ਅਤੇ ਮੈਡੀਕਲ ਸਰਟੀਫਿਕੇਟ ਅਧਿਕਾਰਤ ਪੋਰਟਲ 'ਤੇ ਅਪਲੋਡ ਕਰਨਾ ਲਾਜ਼ਮੀ ਹੈ। ਮੈਡੀਕਲ ਸਰਟੀਫਿਕੇਟ ਸਮਰੱਥ ਅਧਿਕਾਰੀ ਵੱਲੋਂ ਤਸਦੀਕ ਕੀਤਾ ਹੋਣਾ ਚਾਹੀਦਾ ਹੈ ਅਤੇ ਇਸ ਵਿੱਚ ਲਾਭਪਾਤਰੀ ਦੇ ਲੰਬੇ ਸਮੇਂ ਤੋਂ ਚੱਲ ਰਹੇ ਇਲਾਜ ਦਾ ਜ਼ਿਕਰ ਹੋਣਾ ਜ਼ਰੂਰੀ ਹੈ।

ਉਨ੍ਹਾਂ ਸਾਰੇ ਸਬੰਧਤ ਲਾਭਪਾਤਰੀਆਂ ਨੂੰ ਨਿਰਧਾਰਤ ਸਮੇਂ ਅੰਦਰ ਲੋੜੀਂਦੇ ਦਸਤਾਵੇਜ਼ himparivar.hp.gov.in/ekalyan 'ਤੇ ਅਪਲੋਡ ਕਰਨ ਦੀ ਅਪੀਲ ਕੀਤੀ। ਇਸ ਸਬੰਧੀ ਹੋਰ ਜਾਣਕਾਰੀ ਲਈ ਲਾਭਪਾਤਰੀ ਆਪਣੇ ਨਜ਼ਦੀਕੀ ਤਹਿਸੀਲ ਭਲਾਈ ਅਧਿਕਾਰੀ ਜਾਂ ਜ਼ਿਲ੍ਹਾ ਭਲਾਈ ਅਧਿਕਾਰੀ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

112 ਪਿੰਡਾਂ ਨੂੰ ਤੰਬਾਕੂ ਮੁਕਤ ਬਣਾਉਣ ਨਾਲ ਊਨਾ ਹਿਮਾਚਲ ਵਿੱਚ ਪਹਿਲੇ ਸਥਾਨ 'ਤੇ, ਹੁਣ ਬਾਕੀ ਪਿੰਡਾਂ ਨੂੰ ਮੁਹਿੰਮ ਨਾਲ ਜੋੜਨ 'ਤੇ ਜ਼ੋਰ

ਊਨਾ, 4 ਨਵੰਬਰ (ਪੈ.ਗਾਮ-ਏ-ਜਗਤ)

ਤੰਬਾਕੂ ਮੁਕਤ ਯੁਵਾ ਮੁਹਿੰਮ ਦੇ ਤੀਜੇ ਪੜਾਅ (ਟੀਐਫਵਾਈਸੀ-3.0) ਤਹਿਤ 112 ਪਿੰਡਾਂ ਨੂੰ ਤੰਬਾਕੂ ਮੁਕਤ ਬਣਾਉਣ ਦੀ ਪ੍ਰਾਪਤੀ ਨਾਲ ਊਨਾ ਜ਼ਿਲ੍ਹਾ ਹਿਮਾਚਲ ਪ੍ਰਦੇਸ਼ ਵਿੱਚ ਪਹਿਲੇ ਸਥਾਨ 'ਤੇ ਰਿਹਾ। ਇਸ ਪ੍ਰਾਪਤੀ ਨੂੰ ਅੱਗੇ ਵਧਾਉਂਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੇ ਹੁਣ ਬਾਕੀ ਪਿੰਡਾਂ ਨੂੰ ਵੀ ਮੁਹਿੰਮ ਨਾਲ ਜੋੜ ਕੇ 100 ਫੀਸਦੀ ਟੀਚਾ ਹਾਸਲ ਕਰਨ ਲਈ ਯਤਨ ਤੇਜ਼ ਕਰ ਦਿੱਤੇ ਹਨ।

ਡਿਪਟੀ ਕਮਿਸ਼ਨਰ ਜਤਿਨ ਲਾਲ ਨੇ ਜ਼ਿਲ੍ਹਾ ਪੱਧਰੀ ਤਾਲਮੇਲ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਦੱਸਿਆ ਕਿ 28 ਅਕਤੂਬਰ ਤੋਂ ਸ਼ੁਰੂ ਹੋਇਆ ਮੁਹਿੰਮ ਦਾ ਚੌਥਾ ਪੜਾਅ 26 ਦਸੰਬਰ ਤੱਕ ਚੱਲੇਗਾ। ਇਸ ਦੌਰਾਨ ਨੌਜਵਾਨਾਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਅਤੇ ਤੰਬਾਕੂ ਕੰਟਰੋਲ ਕਾਨੂੰਨਾਂ ਦੀ ਪਾਲਣਾ ਯਕੀਨੀ ਬਣਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਪੰਚਾਇਤ ਪੱਧਰ 'ਤੇ ਵਿਸ਼ੇਸ਼ ਗ੍ਰਾਮ ਸਭਾਵਾਂ ਕਰਵਾਉਣ ਦੇ ਨਿਰਦੇਸ਼ ਦਿੱਤੇ, ਜਿਨ੍ਹਾਂ ਵਿੱਚ ਤੰਬਾਕੂ, ਖੈਣੀ,

- **ਡਿਪਟੀ ਕਮਿਸ਼ਨਰ ਜਤਿਨ ਲਾਲ ਨੇ ਬਾਕੀ ਪਿੰਡਾਂ ਨੂੰ ਵੀ ਮੁਹਿੰਮ ਨਾਲ ਜੋੜਨ ਲਈ ਵਿਸ਼ੇਸ਼ ਗ੍ਰਾਮ ਸਭਾਵਾਂ ਅਤੇ ਸਿੱਖਿਆ ਸੰਸਥਾਵਾਂ ਵਿੱਚ ਜਾਗਰੂਕਤਾ ਸੈਸ਼ਨ ਕਰਵਾਉਣ ਦੇ ਦਿੱਤੇ ਨਿਰਦੇਸ਼**



ਗੁਟਖਾ ਅਤੇ ਹੋਰ ਨਸ਼ੀਲੇ ਪਦਾਰਥਾਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਪੰਚਾਇਤ ਨੁਮਾਇੰਦਿਆਂ ਨੂੰ ਤੰਬਾਕੂ ਕੰਟਰੋਲ ਵਿੱਚ ਆਪਣੀ ਭੂਮਿਕਾ ਅਤੇ ਅਧਿਕਾਰਾਂ ਦੀ ਵਰਤੋਂ ਕਰਕੇ ਪਿੰਡਾਂ ਨੂੰ ਤੰਬਾਕੂ ਮੁਕਤ ਬਣਾਉਣ ਲਈ ਸਰਗਰਮ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਸਿੱਖਿਆ ਸੰਸਥਾਵਾਂ ਵਿੱਚ ਜਾਗਰੂਕਤਾ ਵਧਾਉਣ ਲਈ ਐਸਡੀਐਮ, ਡੀਐਸਪੀ ਅਤੇ ਬੀਐਮਓ ਨੂੰ ਕਾਲਜਾਂ ਦਾ ਦੌਰਾ ਕਰਕੇ ਵਿਦਿਆਰਥੀਆਂ ਨਾਲ ਵਿਸ਼ੇਸ਼ ਸੈਸ਼ਨ ਕਰਨ ਲਈ ਕਿਹਾ ਗਿਆ। ਇਸ ਦੇ ਨਾਲ ਹੀ ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਮੁਕਤ ਕੈਂਪਸ ਬਣਾਉਣ ਅਤੇ ਉਨ੍ਹਾਂ ਦੇ 100 ਗਜ਼ ਦੇ ਘੇਰੇ ਵਿੱਚ ਤੰਬਾਕੂ ਉਤਪਾਦਾਂ ਦੀ ਵਿਕਰੀ 'ਤੇ ਪਾਬੰਦੀ ਦੀ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਸਾਰੇ ਸਰਕਾਰੀ ਦਫ਼ਤਰਾਂ ਅਤੇ ਕਾਰਜ ਸਥਾਨਾਂ ਨੂੰ ਵੀ ਤੰਬਾਕੂ ਮੁਕਤ ਬਣਾਉਣ 'ਤੇ ਜ਼ੋਰ ਦਿੱਤਾ ਗਿਆ।

ਜਤਿਨ ਲਾਲ ਨੇ ਪੁਲਿਸ, ਆਬਕਾਰੀ, ਖੁਰਾਕ ਸੁਰੱਖਿਆ ਅਤੇ ਸਿਹਤ ਵਿਭਾਗ ਨੂੰ ਨਿਯਮਿਤ ਜਾਂਚ ਕਰਨ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ। ਕੋਟਪਾ-2003, ਇਲੈਕਟ੍ਰਾਨਿਕ ਸਿਗਰਟ ਮਨਾਹੀ ਐਕਟ-2019 ਅਤੇ ਹਿਮਾਚਲ ਪ੍ਰਦੇਸ਼ ਤੰਬਾਕੂ ਕੰਟਰੋਲ ਐਕਟ-2016 ਤਹਿਤ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ। ਚੁੱਕਾ ਬਾਰਾਂ, ਗੈਰ-ਕਾਨੂੰਨੀ ਸਿਗਰਟਾਂ ਦੀ ਵਿਕਰੀ ਅਤੇ ਜਨਤਕ ਥਾਵਾਂ 'ਤੇ ਸਿਗਰਟਨੋਸ਼ੀ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਮੁਹਿੰਮ ਦੇ 60 ਦਿਨਾਂ ਦੌਰਾਨ ਜਨ-ਜਾਗਰੂਕਤਾ, ਤੰਬਾਕੂ ਮੁਕਤ ਸਿੱਖਿਆ ਸੰਸਥਾਵਾਂ ਅਤੇ ਪਿੰਡਾਂ ਦੀ ਗਿਣਤੀ ਵਧਾਉਣ, ਕਾਨੂੰਨਾਂ ਨੂੰ ਲਾਗੂ ਕਰਨ ਅਤੇ ਸੋਸ਼ਲ ਮੀਡੀਆ ਰਾਹੀਂ ਜਾਗਰੂਕਤਾ ਫੈਲਾਉਣ ਸਮੇਤ ਛੇ ਮੁੱਖ ਖੇਤਰਾਂ 'ਤੇ ਕੰਮ ਕੀਤਾ ਜਾਵੇਗਾ। ਮੀਟਿੰਗ ਦੌਰਾਨ ਅਧਿਕਾਰੀਆਂ ਨੂੰ 'ਤੰਬਾਕੂ ਮੁਕਤ ਹਿਮਾਚਲ' ਦੀ ਸਹੁੰ ਵੀ ਚੁਕਾਈ ਗਈ ਅਤੇ ਹਰੇਕ ਅਧਿਕਾਰੀ ਨੂੰ ਘੱਟੋ-ਘੱਟ ਦਸ ਲੋਕਾਂ ਨੂੰ ਮੁਹਿੰਮ ਨਾਲ ਜੋੜਨ ਦਾ ਸੱਦਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਟੀਐਫਵਾਈਸੀ-3.0 ਦੌਰਾਨ ਹਿਮਾਚਲ ਪ੍ਰਦੇਸ਼ ਨੂੰ ਵੱਡੇ ਰਾਜਾਂ ਦੀ ਸ਼੍ਰੇਣੀ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਰਾਜ ਵਜੋਂ ਸਨਮਾਨਿਤ ਕੀਤਾ ਗਿਆ। ਸੂਬੇ ਵਿੱਚ 4,800 ਦੇ ਟੀਚੇ ਦੇ ਮੁਕਾਬਲੇ 9,677 ਸਿੱਖਿਆ ਸੰਸਥਾਵਾਂ ਅਤੇ 360 ਦੇ ਟੀਚੇ ਦੇ ਮੁਕਾਬਲੇ 574 ਪਿੰਡ ਤੰਬਾਕੂ ਮੁਕਤ ਬਣਾਏ ਗਏ। ਊਨਾ ਜ਼ਿਲ੍ਹੇ ਵਿੱਚ 898 ਸਿੱਖਿਆ ਸੰਸਥਾਵਾਂ ਤੰਬਾਕੂ ਮੁਕਤ ਬਣੀਆਂ ਅਤੇ 21 ਇਨਫੋਰਸਮੈਂਟ ਮੁਹਿੰਮਾਂ ਚਲਾਈਆਂ ਗਈਆਂ। ਜਨਤਕ ਥਾਵਾਂ 'ਤੇ ਸਿਗਰਟਨੋਸ਼ੀ ਦੀਆਂ ਉਲੰਘਣਾਵਾਂ ਲਈ 692 ਚਲਾਨ ਕਰਕੇ 67,770 ਰੁਪਏ ਜੁਰਮਾਨਾ ਵਸੂਲਿਆ ਗਿਆ।

ਰਾਜੂ ਥਰਦਰ ਵੈਲਫੇਅਰ ਸੋਸਾਇਟੀ ਵੱਲੋਂ ਵੀਲ ਚੇਅਰ ਭੇਂਟ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ, (ਹੈਪੀ ਸਾਧੋਵਾਲ)

ਪਿੰਡ ਬਡੇਸਰੋਂ ਦੇ ਧਰਮਪਾਲ ਨੂੰ ਰਾਜੂ ਥ੍ਰਦਰ ਵੈਲਫੇਅਰ ਸੋਸਾਇਟੀ ਯੂਕੇ ਐਂਡ ਪੰਜਾਬ ਵੱਲੋਂ ਟ੍ਰਾਈ ਸਾਈਕਲ ਦਿੱਤੀ ਗਈ ,ਧਰਮਪਾਲ ਜੋ ਕਿ ਚਲਣ ਫਿਰਨ ਤੋਂਅਸਮੱਰਥ ਹੈ ਸੜਕ ਤੇ ਬੈਠਾ ਰਹਿੰਦਾ ਸੀ ਜਿਵੇਂ ਹੀ ਸੈਂਡੀ ਭੱਜਲਾਂ ਵਾਲੇ ਨੇ ਸਾਡੀ ਸੁਸਾਇਟੀ ਨੂੰ ਦੱਸਿਆ ਤਾਂ ਉਸ ਵੇਲੇ ਹੀ ਧਰਮਪਾਲ ਜੀ ਨੂੰ ਟਰਾਈ ਸਾਈਕਲ ਦਿੱਤਾ ਗਿਆ ਇਹ ਜਾਣਕਾਰੀ ਰੋਕੀ ਮੋਲਾ ਅਤੇ ਸਿੰਦਾ ਗੋਲੀਆਂ ਜੀ ਨੇ ਦਿੱਤੀ, ਇਸ ਮੌਕੇ ਪਿੰਡ ਦੇ ਮੋਹਤਬਰ ਵਿਅਕਤੀਆਂ ਤੋਂ ਇਲਾਵਾ ਪ੍ਰੀਤ ਜੀ ਪਾਰੋਵਾਲ,ਡਾਕਟਰ ਲਖਵਿੰਦਰ ਬਿਲੜੋ, ਹੈਪੀ ਸਾਧੋਵਾਲ ਹਾਜਰ ਸਨ, ਜਿਕਰ ਯੋਗ ਹੈ ਕਿ ਹੁਣ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਇਸ ਸੁਸਾਇਟੀ ਵੱਲੋਂ ਵੀਰ ਚੇਅਰ ਅਤੇ ਟਰਾਈ



ਸਾਈਕਲ ਦਿੱਤੇ ਜਾ ਚੁੱਕੇ ਹਨ। ਪ੍ਰੀਤ ਪਾਰੋਵਾਲ ਨੇ ਡਾਕਟਰ ਅਮਰਜੀਤ ਰਾਜੂ ਜੋ ਕਿ ਯੂਕੇ ਚ ਰਹਿੰਦੇ ਹਨ ਉਹਨਾਂ ਦਾ ਇਸ ਨੇਕ ਉਪਰਾਲੇ ਲਈ ਬਹੁਤ ਬਹੁਤ ਧੰਨਵਾਦ ਕੀਤਾ ਅਤੇ ਵਾਹਿਗੁਰੂ ਜੀ ਕੋਲੋਂ ਉਹਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਵੀ ਕੀਤੀ।

ਪ੍ਰਸ਼ਾਸਕ ਨੇ ਜੀ.ਐੱਮ.ਐੱਸ.ਐੱਸ.ਐੱਸ.-10 ਵਿਖੇ ਵੋਕੇਸ਼ਨਲ ਲੈਬਾਂ ਦਾ ਉਦਘਾਟਨ ਕੀਤਾ

ਇਨਕਲੂਸਿਵ ਥੀਏਟਰ ਫੈਸਟੀਵਲ ਦੇ ਜੇਤੂਆਂ ਨੂੰ ਸਨਮਾਨਿਤ ਕੀਤਾ

ਪੈ.ਗਾਮ-ਏ-ਜਗਤ/ਚੰਡੀਗੜ੍ਹ
4 ਨਵੰਬਰ (ਹਰਮਿੰਦਰ ਸਿੰਘ ਨਾਗਪਾਲ)

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ (ਜੀਐੱਮਐੱਸਐੱਸਐੱਸ), ਸੈਕਟਰ 10, ਚੰਡੀਗੜ੍ਹ ਵਿਖੇ ਫੂਟ ਆਫ਼ਿਸ ਲੈਬ ਅਤੇ ਫੂਡ ਪ੍ਰੋਡਕਸ਼ਨ ਲੈਬ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਸਟੇਟ-ਲੈਵਲ ਇਨਕਲੂਸਿਵ ਥੀਏਟਰ ਫੈਸਟੀਵਲ 2026 ਦੇ ਜੇਤੂਆਂ ਨੂੰ ਵੀ ਸਨਮਾਨਿਤ ਕੀਤਾ। ਉਨ੍ਹਾਂ ਨੇ ਸਕੂਲੀ ਵਿਦਿਆਰਥੀਆਂ ਦੁਆਰਾ ਤਲਵਾਰਬਾਜ਼ੀ ਪ੍ਰਦਰਸ਼ਨ ਅਤੇ ਸਟੇਟ-ਲੈਵਲ ਇਨਕਲੂਸਿਵ ਥੀਏਟਰ ਫੈਸਟੀਵਲ ਟੀਮ ਦੇ ਜੇਤੂਆਂ ਦੁਆਰਾ ਪੇਸ਼ ਇੱਕ ਪਰਫਾਰਮੈਂਸ ਦੇਖੀ। ਦੌੜ ਦੇ ਦੌਰਾਨ ਉਨ੍ਹਾਂ ਨੇ ਅਟਲ ਟਿੰਕਰਿੰਗ ਲੈਬ ਦਾ ਵੀ ਦੌਰਾ ਕੀਤਾ ਅਤੇ ਵਿਦਿਆਰਥੀਆਂ ਦੀਆਂ ਇਨੋਵੇਸ਼ਨਸ ਅਤੇ ਟੈਕਨੋਲੋਜੀ ਦੇ ਰਚਨਾਤਮਕ ਉਪਯੋਗ ਦੀ ਸ਼ਲਾਘਾ ਕੀਤੀ।

ਨਵੀਆਂ ਉਦਘਾਟਨ ਕੀਤੀਆਂ ਗਈਆਂ ਲੈਬਾਂ ਵਿਦਿਆਰਥੀਆਂ ਨੂੰ ਫ਼ਰੰਟ ਆਫ਼ਿਸ ਸੰਚਾਲਨ, ਖੁਰਾਕ ਉਤਪਾਦਨ, ਖੁਰਾਕ ਪੋਸ਼ਣ ਅਤੇ ਖੁਰਾਕ ਵਿਗਿਆਨ ਵਿੱਚ ਵਿਵਹਾਰਿਕ ਟ੍ਰੇਨਿੰਗ ਦੇਣਗੀਆਂ। ਇਨ੍ਹਾਂ ਸੁਵਿਧਾਵਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ) 2020 ਦੇ ਅਨੁਸਾਰ ਲਾਭਦਾਇਕ ਕੌਸ਼ਲ ਵਿਕਸਿਤ ਕਰਨ ਅਤੇ ਭਵਿੱਖ ਦੇ ਰੋਜ਼ਗਾਰ ਲਈ ਤਿਆਰ ਕਰਨ ਵਿੱਚ ਸਹਾਇਤਾ ਕਰਨਾ ਹੈ।

ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਸ਼ਾਸਕ ਨੇ ਉਨ੍ਹਾਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਦੇ ਜ਼ਰੀਏ ਸਿੱਖਣ, ਘਰੇਲੂ ਜ਼ਿੰਮੇਵਾਰੀਆਂ ਸਾਂਝੀਆਂ ਕਰਨ ਅਤੇ ਆਪਣੇ ਪਰਿਵਾਰਾਂ ਦੀ ਮਦਦ ਕਰਨ ਲਈ ਪ੍ਰੋਤਸਾਹਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅਜਿਹੇ ਅਨੁਭਵ ਹਰ ਤਰ੍ਹਾਂ ਦੇ ਕੰਮ ਲਈ ਸਤਿਕਾਰ ਨੂੰ ਉਤਸ਼ਾਹਿਤ ਕਰਦੇ ਹੋਏ ਵਿਵਹਾਰਿਕ ਕੌਸ਼ਲ, ਵਿਸ਼ਵਾਸ, ਅਨੁਸ਼ਾਸਨ, ਜ਼ਿੰਮੇਵਾਰੀ ਅਤੇ ਆਤਮਨਿਰਭਰਤਾ ਦਾ ਨਿਰਮਾਣ ਕਰਦੇ ਹਨ। ਉਨ੍ਹਾਂ ਨੇ ਸਟੇਟ-ਲੈਵਲ ਇਨਕਲੂਸਿਵ ਥੀਏਟਰ ਫੈਸਟੀਵਲ ਦੀ ਜੇਤੂ ਟੀਮ ਨੂੰ ਰੀਜਨਲ-ਲੈਵਲ ਫੈਸਟੀਵਲ ਲਈ ਚੁਣੇ ਜਾਣ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਵਿਸ਼ਵਾਸ ਨਾਲ ਪ੍ਰਦਰਸ਼ਨ ਕਰਨ, ਚੰਗੀ ਤਿਆਰੀ ਕਰਨ ਅਤੇ ਆਪਣੇ ਕੌਸ਼ਲ ਵਿੱਚ ਸੁਧਾਰ ਕਰਦੇ ਰਹਿਣ ਲਈ ਪ੍ਰੋਤਸਾਹਿਤ ਕੀਤਾ। ਉਨ

ਅੰਮ੍ਰਿਤਸਰ ਪੁਲੀਸ ਨਾਲ ਮੁਕਾਬਲੇ ਦੌਰਾਨ ਭਗੌੜਾ ਮੁਲਜ਼ਮ ਜ਼ਖ਼ਮੀ; ਪਿਸਤੌਲ ਤੇ ਕਾਰਤੂਸ ਬਰਾਮਦ

ਬਟਾਲਾ ਵਿੱਚ ਮਨੀ ਐਕਸਚੇਂਜਰ ਤੋਂ ਲੁੱਟ ਅਤੇ ਹੋਰ ਵਾਰਦਾਤਾਂ ਵਿੱਚ ਸੀ ਲੋੜੀਂਦਾ

ਅੰਮ੍ਰਿਤਸਰ, 4 ਨਵੰਬਰ (ਪੈ.ਗਾਮ-ਏ-ਜਗਤ)

ਅੰਮ੍ਰਿਤਸਰ ਕਮਿਸ਼ਨਰੇਟ ਪੁਲੀਸ ਨੇ ਰਾਮਤੀਰਥ ਰੋਡ 'ਤੇ ਇੱਕ ਕਾਰਵਾਈ ਦੌਰਾਨ ਪੁਲੀਸ ਪਾਰਟੀ ਨਾਲ ਹੋਏ ਮੁਕਾਬਲੇ ਵਿੱਚ ਭਗੌੜਾ ਮੁਲਜ਼ਮ ਆਕਾਸ਼ਦੀਪ ਸਿੰਘ ਉਰਫ਼ ਆਕਾਸ਼, ਵਾਸੀ ਕਾਦੀਆਂ ਨੂੰ ਜ਼ਖ਼ਮੀ ਹੋਣ ਮਗਰੋਂ ਕਾਬੂ ਕਰ ਲਿਆ। ਉਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ ਹੈ।

ਪੁਲੀਸ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ ਨੇ ਮੌਕੇ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਅੱਜ ਜਦੋਂ ਪੁਲੀਸ ਪਾਰਟੀ ਵੱਲੋਂ ਉਕਤ ਮੁਲਜ਼ਮ ਨੂੰ ਰੋਕਣ ਲਈ ਇਸ਼ਾਰਾ ਕੀਤਾ ਗਿਆ ਤਾਂ ਉਸ ਨੇ ਰੁਕਣ ਦੀ ਬਜਾਏ ਪੁਲੀਸ ਪਾਰਟੀ 'ਤੇ ਫ਼ਾਇਰਿੰਗ ਕੀਤੀ। ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਕੂਟਰ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।



ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਉਕਤ ਮੁਲਜ਼ਮ ਵਿਰੁੱਧ ਵੱਖ-ਵੱਖ ਥਾਣਿਆਂ ਵਿੱਚ 7 ਅਪਰਾਧਿਕ ਮੁਕੱਦਮੇ ਦਰਜ ਹਨ ਅਤੇ ਉਹ ਇੱਕ ਮੁਕੱਦਮੇ ਵਿੱਚ ਲੋੜੀਂਦਾ ਵੀ ਸੀ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਮੁਲਜ਼ਮ ਆਕਾਸ਼ ਨੇ ਆਪਣੇ ਹੋਰ ਚਾਰ ਸਾਥੀਆਂ ਨਾਲ ਮਿਲ ਕੇ ਬਟਾਲਾ ਵਿਖੇ ਇੱਕ ਮਨੀ ਐਕਸਚੇਂਜਰ ਦੀ ਦੁਕਾਨ ਤੋਂ ਪਿਸਤੌਲ ਦੀ ਨੋਕ 'ਤੇ ਕਰੀਬ ਢਾਈ ਲੱਖ ਰੁਪਏ ਦੀ ਲੁੱਟ ਕੀਤੀ ਸੀ। ਇਸ ਵਾਰਦਾਤ ਵਿੱਚ ਸ਼ਾਮਲ ਉਸ ਦੇ ਚਾਰ ਹੋਰ ਸਾਥੀਆਂ ਦੀ ਪਛਾਣ ਹੋ ਚੁੱਕੀ ਹੈ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ।

ਉਨ੍ਹਾਂ ਆਖਿਆ ਕਿ ਇਹ ਵੀ ਸਾਹਮਣੇ ਆਇਆ ਹੈ ਕਿ ਮੁਲਜ਼ਮ ਅਤੇ ਉਸ ਦੇ ਸਾਥੀ ਇੱਕ ਅਪਰਾਧੀ ਅੰਗਰੇਜ਼ ਸਿੰਘ ਉਰਫ਼ ਛੋਟੂ ਨੂੰ ਪੁਲੀਸ ਹਿਰਾਸਤ ਵਿੱਚੋਂ ਛੁਡਵਾਉਣ ਦੀ ਯੋਜਨਾ ਬਣਾ ਰਹੇ ਸਨ, ਜਿਸ ਖ਼ਿਲਾਫ਼ ਕਰੀਬ 15 ਮੁਕੱਦਮੇ ਦਰਜ ਹਨ ਅਤੇ ਉਹ ਇਸ ਸਮੇਂ ਜੇਲ੍ਹ ਵਿੱਚ ਬੰਦ ਹੈ।

ਹਸਪਤਾਲਾਂ ਵਿੱਚ ਇਲਾਜ ਦੌਰਾਨ ਮਾਂ ਅਤੇ ਨਵਜੰਮੇ ਬੱਚੇ ਨੂੰ ਇਕੱਠੇ ਰੱਖਣ ਦੀ ਦਿਸ਼ਾ ਵਿੱਚ ਹਰਿਆਣਾ ਦੀ ਪਹਿਲਕਦਮੀ, ਫੈਮਿਲੀ ਸੈਂਟਰਡ ਕੇਅਰ ਦਾ ਕੀਤਾ ਜਾਵੇਗਾ ਵਿਸਥਾਰ

ਪੈ.ਗਾਮ-ਏ-ਜਗਤ/ਚੰਡੀਗੜ੍ਹ
4 ਨਵੰਬਰ (ਹਰਮਿੰਦਰ ਸਿੰਘ ਨਾਗਪਾਲ)

ਗੰਭੀਰ ਰੂਪ ਵਿੱਚ ਬਿਮਾਰ ਨਵਜੰਮੇ ਬੱਚਿਆਂ ਦੀ ਜਾਨ ਬਚਾਉਣ ਦੀਆਂ ਤਿਆਰੀਆਂ ਨੂੰ ਹੋਰ ਮਜ਼ਬੂਤ ਕਰਦਿਆਂ ਹਰਿਆਣਾ ਸਰਕਾਰ ਸੂਬੇ ਵਿੱਚ ਲਗਭਗ 7 ਕਰੋੜ ਰੁਪਏ ਦੀ ਲਾਗਤ ਨਾਲ 19 ਵਾਧੂ ਨਵਜੰਮੇ ਵੈਂਟੀਲੇਟਰ ਉਪਲਬਧ ਕਰਵਾਉਣ ਜਾ ਰਹੀ ਹੈ। ਸੂਬੇ ਦੀਆਂ ਵਿਸ਼ੇਸ਼ ਨਵਜੰਮੇ ਬੱਚਿਆਂ ਦੀ ਦੇਖਭਾਲ ਇਕਾਈਆਂ (ਐੱਸਐੱਨਸੀਯੂ) ਵਿੱਚ ਪਹਿਲਾਂ ਹੀ 54 ਨਵਜੰਮੇ ਵੈਂਟੀਲੇਟਰ ਉਪਲਬਧ ਹਨ। ਇਨ੍ਹਾਂ 19 ਨਵੇਂ ਵੈਂਟੀਲੇਟਰਾਂ ਦੇ ਸ਼ਾਮਲ ਹੋਣ ਨਾਲ ਗੰਭੀਰ ਹਾਲਾਤਾਂ ਵਿੱਚ ਨਵਜੰਮੇ ਬੱਚਿਆਂ ਨੂੰ ਸਮੇਂ ਸਿਰ ਸਾਹ ਲੈਣ ਵਿੱਚ ਸਹਾਇਤਾ ਪ੍ਰਦਾਨ ਕਰਨ ਦੀ ਸਮਰੱਥਾ ਹੋਰ ਮਜ਼ਬੂਤ ਹੋਵੇਗੀ।

ਇਸ ਦੇ ਨਾਲ ਹੀ ਹਰਿਆਣਾ ਸਰਕਾਰ ਵਿਸ਼ੇਸ਼ ਨਵਜੰਮੇ ਬੱਚਿਆਂ ਦੀ ਦੇਖਭਾਲ ਇਕਾਈਆਂ ਨੂੰ ਏਕੀਕ੍ਰਿਤ ਮਾਂ-ਨਵਜੰਮੇ ਬੱਚੇ ਦੀ ਦੇਖਭਾਲ ਇਕਾਈਆਂ (ਐੱਮਐੱਨਸੀਯੂ) ਵਜੋਂ ਵਿਕਸਤ ਕਰਨ ਲਈ ਸੂਬਾ ਪੱਧਰੀ ਪਹਿਲਕਦਮੀ ਕਰ ਰਹੀ ਹੈ। ਇਸ ਤਹਿਤ ਡਾਕਟਰੀ ਤੌਰ 'ਤੇ ਢੁੱਕਵੀਆਂ ਸਥਿਤੀਆਂ ਵਿੱਚ ਹਸਪਤਾਲ ਵਿੱਚ ਇਲਾਜ ਦੌਰਾਨ ਮਾਂ ਨੂੰ ਆਪਣੇ ਨਵਜੰਮੇ ਬੱਚੇ ਦੇ ਨਾਲ ਰਹਿਣ ਦੀ ਸਹੂਲਤ ਦਿੱਤੀ ਜਾਵੇਗੀ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ।

ਇਸ ਪਹਿਲਕਦਮੀ ਦਾ ਉਦੇਸ਼ ਹਸਪਤਾਲ ਵਿੱਚ ਦਾਖ਼ਲ ਨਵਜੰਮੇ ਬੱਚਿਆਂ ਨੂੰ ਉਨ੍ਹਾਂ ਦੀਆਂ ਮਾਵਾਂ ਤੋਂ ਬੇਲੋੜੇ ਤੌਰ 'ਤੇ ਵੱਖ ਹੋਣ ਤੋਂ ਬਚਾਉਣਾ ਹੈ। ਇਸ ਲਈ ਵਿਸ਼ੇਸ਼ ਡਾਕਟਰੀ ਇਲਾਜ ਦੇ ਨਾਲ-ਨਾਲ ਮਾਂ ਦੀ ਨਿਰੰਤਰ ਮੌਜੂਦਗੀ, ਦੁੱਧ ਚੁੰਘਾਉਣ ਵਿੱਚ ਸਹਿਯੋਗ ਅਤੇ ਬੱਚੇ ਦੀ ਦੇਖਭਾਲ ਵਿੱਚ ਪਰਿਵਾਰ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ।

ਨਵੀਂ ਵਿਵਸਥਾ ਤਹਿਤ ਮਾਵਾਂ ਨੂੰ ਹਸਪਤਾਲ ਵਿੱਚ ਦਾਖ਼ਲ ਰਹਿਣ ਦੌਰਾਨ ਆਪਣੇ ਬੱਚਿਆਂ ਦੇ ਕੋਲ ਰਹਿਣ ਅਤੇ ਸਿਖਲਾਈ ਪ੍ਰਾਪਤ ਡਾਕਟਰਾਂ ਅਤੇ ਨਰਸਾਂ ਦੀ ਦੇਖ-ਰੇਖ ਹੇਠ ਉਨ੍ਹਾਂ ਦੀ ਦੇਖਭਾਲ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ।

ਸਿਹਤ ਵਿਭਾਗ ਅਨੁਸਾਰ, ਇਹ ਪਹਿਲਕਦਮੀ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦੇ 'ਜ਼ੀਰੋ ਸੈਪਰੇਸ਼ਨ' ਅਰਥਾਤ ਮਾਂ ਅਤੇ ਨਵਜੰਮੇ ਬੱਚੇ ਨੂੰ ਵੱਖ ਨਾ ਕਰਨ ਦੇ ਸਿਧਾਂਤ 'ਤੇ ਆਧਾਰਿਤ ਹੈ। ਇਸ ਸਿਧਾਂਤ ਤਹਿਤ ਡਾਕਟਰੀ ਤੌਰ 'ਤੇ ਸੰਭਵ ਹੋਣ 'ਤੇ ਵਿਸ਼ੇਸ਼ ਨਵਜੰਮੇ ਬੱਚਿਆਂ ਦੀ ਦੇਖਭਾਲ ਦੀ ਲੋੜ ਵਾਲੇ ਮਾਮਲਿਆਂ ਵਿੱਚ ਵੀ ਮਾਂ ਅਤੇ ਬੱਚੇ ਨੂੰ ਇਕੱਠੇ ਰੱਖਣ 'ਤੇ ਜ਼ੋਰ ਦਿੱਤਾ ਜਾਂਦਾ ਹੈ।

ਇਹ ਮਾਡਲ ਵਿਸ਼ੇਸ਼ ਤੌਰ 'ਤੇ ਸਮੇਂ ਤੋਂ ਪਹਿਲਾਂ ਜਨਮੇ ਅਤੇ ਘੱਟ ਵਜ਼ਨ ਵਾਲੇ ਬੱਚਿਆਂ ਲਈ ਮਹੱਤਵਪੂਰਨ ਹੈ, ਜਿਨ੍ਹਾਂ ਨੂੰ ਲੰਬੇ ਸਮੇਂ ਤੱਕ ਹਸਪਤਾਲ ਵਿੱਚ ਦਾਖ਼ਲ ਰੱਖਣ, ਦੁੱਧ ਪਿਲਾਉਣ ਵਿੱਚ ਸਹਾਇਤਾ, ਸਰੀਰ ਦਾ ਤਾਪਮਾਨ ਨਿਯੰਤਰਿਤ ਰੱਖਣ ਅਤੇ ਲਗਾਤਾਰ ਡਾਕਟਰੀ ਨਿਗਰਾਨੀ ਦੀ ਲੋੜ ਹੋ ਸਕਦੀ ਹੈ। ਮਾਂ-ਨਵਜੰਮੇ ਬੱਚੇ ਦੀ ਦੇਖਭਾਲ ਇਕਾਈ (ਐੱਮਐੱਨਸੀਯੂ) ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਵਿੱਚ ਕੰਗਾਰੂ ਮਦਰ ਕੇਅਰ (ਕੇਐੱਮਸੀ) ਸ਼ਾਮਲ ਹੈ। ਇਸ ਵਿੱਚ ਨਵਜੰਮੇ ਬੱਚੇ ਨੂੰ ਮਾਂ ਜਾਂ ਕਿਸੇ ਹੋਰ ਢੁੱਕਵੇਂ ਦੇਖਭਾਲਕਰਤਾ ਦੀ ਛਾਤੀ ਨਾਲ ਸਿੱਧੇ ਚਮੜੀ ਦੇ ਸੰਪਰਕ ਵਿੱਚ ਰੱਖਿਆ ਜਾਂਦਾ ਹੈ। ਇਹ ਪ੍ਰਕਿਰਿਆ ਬੱਚੇ ਦੇ ਸਰੀਰ ਦਾ ਤਾਪਮਾਨ ਬਰਕਰਾਰ ਰੱਖਣ, ਦੁੱਧ ਚੁੰਘਾਉਣ ਨੂੰ ਉਤਸ਼ਾਹਿਤ ਕਰਨ ਅਤੇ ਮਾਂ ਤੇ ਬੱਚੇ ਵਿਚਕਾਰ ਭਾਵਨਾਤਮਕ ਸਬੰਧ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ। ਇਹ ਵਿਸ਼ੇਸ਼ ਤੌਰ 'ਤੇ ਸਮੇਂ ਤੋਂ ਪਹਿਲਾਂ ਜਨਮੇ ਅਤੇ ਘੱਟ ਵਜ਼ਨ ਵਾਲੇ ਬੱਚਿਆਂ ਲਈ ਲਾਹੇਵੰਦ ਹੈ। ਇਸ ਏਕੀਕ੍ਰਿਤ ਦੇਖਭਾਲ ਮਾਡਲ ਤਹਿਤ ਸਿਹਤ ਮਾਹਿਰ ਮਾਵਾਂ ਨੂੰ ਦੁੱਧ ਚੁੰਘਾਉਣ, ਨਵਜੰਮੇ ਬੱਚੇ ਦੇ ਪੋਸ਼ਣ, ਸਫ਼ਾਈ ਅਤੇ ਬਿਮਾਰੀ ਦੇ ਚੇਤਾਵਨੀ ਸੰਕੇਤਾਂ ਦੀ ਪਛਾਣ ਕਰਨ ਸਬੰਧੀ ਵੀ ਮਾਰਗਦਰਸ਼ਨ ਦੇਣਗੇ। ਵਿਭਾਗ ਅਨੁਸਾਰ, ਮਾਂ ਦੀ ਨਿਰੰਤਰ ਮੌਜੂਦਗੀ ਨਾਲ ਮਾਵਾਂ ਵਿੱਚ ਆਪਣੇ ਬੱਚਿਆਂ ਦੀ ਦੇਖਭਾਲ ਨੂੰ ਲੈ ਕੇ ਆਤਮਵਿਸ਼ਵਾਸ ਵਧੇਗਾ ਅਤੇ ਹਸਪਤਾਲ ਵਿੱਚ ਦਾਖ਼ਲ ਰਹਿਣ ਦੌਰਾਨ ਬੇਲੋੜੇ ਵਿਛੋੜੇ ਕਾਰਨ ਹੋਣ ਵਾਲੀ ਮਾਨਸਿਕ ਪ੍ਰੇਸ਼ਾਨੀ ਵੀ ਘੱਟ ਹੋਵੇਗੀ। ਲੋੜ ਅਤੇ ਢੁੱਕਵੇਂਪਣ ਅਨੁਸਾਰ ਪਰਿਵਾਰ ਦੇ ਹੋਰ ਮੈਂਬਰ ਵੀ ਸਿਹਤ ਕਰਮਚਾਰੀਆਂ ਦੀ ਨਿਗਰਾਨੀ ਹੇਠ ਬੱਚੇ ਦੀ ਰੋਜ਼ਾਨਾ ਦੇਖਭਾਲ ਵਿੱਚ ਹਿੱਸਾ ਲੈ ਸਕਣਗੇ। ਸੂਬਾ ਪੱਧਰੀ ਪਹਿਲਕਦਮੀ ਦੀ ਸ਼ੁਰੂਆਤ ਅੰਬਾਲਾ ਸ਼ਹਿਰ ਅਤੇ ਕੁਰੂਕਸ਼ੇਤਰ ਦੇ ਜ਼ਿਲ੍ਹਾ ਹਸਪਤਾਲਾਂ ਵਿੱਚ ਸਥਾਪਤ ਮਾਂ-ਨਵਜੰਮੇ ਬੱਚੇ ਦੀ ਦੇਖਭਾਲ ਸਹੂਲਤਾਂ ਤੋਂ ਪ੍ਰਾਪਤ ਖੋਜ ਅਤੇ ਵਿਹਾਰਕ ਤਜਰਬੇ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ।

ਰਬੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਪਾਣੀ ਦੀ ਕਮੀ ਨਾ ਆਵੇ : ਸ਼੍ਰੀਮਤੀ ਸ਼ਰੂਤੀ ਚੌਧਰੀ

- **ਨਹਿਰੀ ਪਾਣੀ ਦੀ ਚੋਰੀ ਰੋਕਣ ਲਈ ਨਿਗਰਾਨੀ ਅਤੇ ਲੋਕਾਂ ਦੀ ਭਾਗੀਦਾਰੀ ਵਧਾਈ ਜਾਵੇ : ਸਿੰਚਾਈ ਮੰਤਰੀ**

ਪੈ.ਗਾਮ-ਏ-ਜਗਤ/ਚੰਡੀਗੜ੍ਹ
4 ਨਵੰਬਰ (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਦੀ ਸਿੰਚਾਈ ਅਤੇ ਜਲ ਸਰੋਤ ਮੰਤਰੀ ਸ਼੍ਰੀਮਤੀ ਸ਼ਰੂਤੀ ਚੌਧਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਚਾਲੂ ਰਬੀ ਸੀਜ਼ਨ ਦੌਰਾਨ ਸੂਬੇ ਵਿੱਚ ਸਿੰਚਾਈ ਸਹੂਲਤਾਂ ਦੇ ਢੁੱਕਵੇਂ ਪ੍ਰਬੰਧ ਕੀਤੇ ਜਾਣ ਤਾਂ ਜੋ ਫ਼ਸਲਾਂ ਦੀ ਬਿਜਾਈ ਪ੍ਰਭਾਵਿਤ ਨਾ ਹੋਵੇ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪਾਣੀ ਦੀ ਸੀਮਤ ਉਪਲਬਧਤਾ ਦੇ ਬਾਵਜੂਦ ਰਾਜ ਸਰਕਾਰ ਇਸ ਗੱਲ ਲਈ ਵਚਨਬੱਧ ਹੈ ਕਿ ਹਰ ਖੇਤਰ ਦੇ ਕਿਸਾਨਾਂ ਨੂੰ ਉਨ੍ਹਾਂ ਦੇ ਹੱਕ ਦਾ ਪੂਰਾ ਪਾਣੀ ਮਿਲੇ। ਇਸ ਲਈ ਵੰਡ ਪ੍ਰਣਾਲੀ ਦੀ ਸਮੀਖਿਆ ਦੇ ਨਾਲ-ਨਾਲ ਨਹਿਰੀ ਪਾਣੀ ਦੀ ਲਗਾਤਾਰ ਨਿਗਰਾਨੀ ਵੀ ਕੀਤੀ ਜਾ ਰਹੀ ਹੈ।

ਉਹ ਅੱਜ ਇੱਥੇ ਪਾਣੀ ਦੀ ਸਪਲਾਈ ਨੂੰ ਲੈ ਕੇ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਹੜ੍ਹ ਕੰਟਰੋਲ ਦੇ ਉਪਾਵਾਂ ਦੇ ਨਾਲ-ਨਾਲ ਜੰਗਲਾਤ ਵਿਭਾਗ ਨਾਲ ਸਬੰਧਤ ਮਨਜ਼ੂਰੀਆਂ, ਜ਼ਮੀਨ ਦੀ ਨਿਸ਼ਾਨਦੇਹੀ ਅਤੇ ਪੰਪਾਂ ਦੀ ਉਪਲਬਧਤਾ ਨਾਲ ਜੁੜੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਸਿੰਚਾਈ ਅਤੇ ਜਲ ਸਰੋਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ਼੍ਰੀ ਅਨੁਰਾਗ ਅਗਰਵਾਲ ਵੀ ਮੀਟਿੰਗ ਵਿੱਚ ਮੌਜੂਦ ਰਹੇ।



ਸ਼੍ਰੀਮਤੀ ਸ਼ਰੂਤੀ ਚੌਧਰੀ ਨੇ ਨਿਰਦੇਸ਼ ਦਿੱਤੇ ਕਿ ਪਾਣੀ ਦੀ ਵੰਡ ਨਾਲ ਸਬੰਧਤ ਪੁਰਾਣੇ ਰਿਕਾਰਡ ਅਤੇ ਨਿਰਧਾਰਤ ਮਾਪਦੰਡਾਂ ਦਾ ਮੁਲਾਂਕਣ ਕੀਤਾ ਜਾਵੇ ਅਤੇ ਸਮੇਂ-ਸਮੇਂ 'ਤੇ ਪਾਣੀ ਦੀ ਉਪਲਬਧਤਾ, ਸਿੰਜਾਈ ਅਧੀਨ ਰਕਬੇ ਅਤੇ ਕਿਸਾਨਾਂ ਦੀਆਂ ਲੋੜਾਂ ਅਨੁਸਾਰ ਇਸ ਦੀ ਸਮੀਖਿਆ ਵੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਦੀ ਚੋਰੀ ਰੋਕਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਅਤੇ ਇਸ ਮੁਹਿੰਮ ਵਿੱਚ ਲੋਕਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕੀਤਾ ਜਾਵੇ।

ਸਿੰਚਾਈ ਮੰਤਰੀ ਨੇ ਕਿਹਾ ਕਿ ਜੰਗਲਾਤ ਸਬੰਧੀ ਮਨਜ਼ੂਰੀਆਂ ਕਾਰਨ ਵਿਕਾਸ ਕਾਰਜ ਬੇਲੋੜੇ ਤੌਰ 'ਤੇ ਲੰਬਿਤ ਨਹੀਂ ਰਹਿਣੇ ਚਾਹੀਦੇ। ਇਸ ਲਈ ਸਬੰਧਤ ਵਿਭਾਗਾਂ ਨਾਲ ਬਿਹਤਰ ਤਾਲਮੇਲ ਸਥਾਪਤ ਕਰਕੇ ਲੰਬਿਤ ਮਾਮਲਿਆਂ ਦਾ ਜਲਦੀ ਨਿਪਟਾਰਾ ਕੀਤਾ ਜਾਵੇ। ਇਸੇ ਤਰ੍ਹਾਂ, ਸਿੰਚਾਈ ਪ੍ਰੋਜੈਕਟਾਂ ਅਤੇ ਪੰਪਿੰਗ ਪ੍ਰਣਾਲੀ ਦੇ ਸੁਚਾਰੂ ਸੰਚਾਲਨ ਲਈ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਵੱਲ ਵੀ ਲੋੜੀਂਦੇ ਕਦਮ ਚੁੱਕੇ ਜਾਣ। ਵਾਈਡਬਲਿਊਐਸ (ਯਮੁਨਾ ਵਾਟਰ ਸਰਵਿਸਿਜ਼) ਸਰਕਲ ਵਿੱਚ ਪੰਪਾਂ ਦੇ ਮੁੱਦੇ 'ਤੇ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪੰਪਾਂ ਦੀ ਅਸਲ ਲੋੜ ਦਾ ਮੁਲਾਂਕਣ ਕਰਕੇ ਉਨ੍ਹਾਂ ਦੀ ਖਰੀਦ, ਮੁਰੰਮਤ ਜਾਂ ਉਪਲਬਧਤਾ ਨਾਲ ਸਬੰਧਤ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇ, ਤਾਂ ਜੋ ਕਿਸਾਨਾਂ ਨੂੰ ਸਿੰਚਾਈ ਲਈ ਪਾਣੀ ਉਪਲਬਧ ਕਰਵਾਉਣ ਵਿੱਚ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਵੇ। ਮੀਟਿੰਗ ਵਿੱਚ ਇੰਜੀਨੀਅਰ-ਇਨ-ਚੀਫ਼ ਸ਼੍ਰੀ ਰਾਕੇਸ਼ ਚੌਹਾਨ ਸਮੇਤ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਰਹੇ।

18 ਅਤੇ 19 ਨਵੰਬਰ ਨੂੰ ਨਵੀਂ ਦਿੱਲੀ ਵਿਖੇ ਹੋਵੇਗੀ ਕੌਮੀ ਪੱਧਰ ਦੀ ਵਿਭਾਗੀ ਸਮਿਟ : ਕ੍ਰਿਸ਼ਨ ਕੁਮਾਰ ਬੇਦੀ

- **ਸਮਾਜਿਕ ਅਤੇ ਦਿਵਿਆਂਗਜਨਾਂ ਨਾਲ ਸਬੰਧਤ ਹੋਵੇਗੀ ਸਮਿਟ**

ਪੈ.ਗਾਮ-ਏ-ਜਗਤ/ਚੰਡੀਗੜ੍ਹ
4 ਨਵੰਬਰ (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸ਼੍ਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਕਿਹਾ ਕਿ ਆਗਾਮੀ 18 ਅਤੇ 19 ਨਵੰਬਰ, 2026 ਨੂੰ ਨਵੀਂ ਦਿੱਲੀ ਵਿਖੇ ਕੌਮੀ ਪੱਧਰ ਦੀ "ਦੋ ਰੋਜ਼ਾ ਵਯੋ ਸਨਮਾਨ ਕੌਮੀ ਅਭਿਆਨ ਅਤੇ ਵਯੋ ਸਾਰਥੀ ਵਿਭਾਗੀ ਸਮਿਟ"ਦਾ ਆਯੋਜਨ ਕੀਤਾ ਜਾਵੇਗਾ। ਇਸ ਸਮਿਟ ਦਾ ਉਦਘਾਟਨ ਕੇਂਦਰੀ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸ਼੍ਰੀ ਵਰਿੰਦਰ ਕੁਮਾਰ ਕਰਨਗੇ ਅਤੇ ਸਮਾਪਤੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰਨਗੇ।

ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸ਼੍ਰੀ ਕ੍ਰਿਸ਼ਨ ਕੁਮਾਰ ਬੇਦੀ ਬੁੱਧਵਾਰ ਨੂੰ ਚੰਡੀਗੜ੍ਹ ਵਿਖੇ ਵਿਭਾਗੀ ਸਮਿਟ ਦੀਆਂ ਤਿਆਰੀਆਂ ਸਬੰਧੀ ਆਯੋਜਿਤ ਵੀਡੀਓ ਕਾਨਫਰੰਸਿੰਗ (ਵੀ.ਸੀ.) ਤੋਂ ਬਾਅਦ ਇੱਥੇ ਜਾਣਕਾਰੀ ਦੇ ਰਹੇ ਸਨ।

ਉਨ੍ਹਾਂ ਕਿਹਾ ਕਿ ਸਮਿਟ ਨੂੰ ਲੈ ਕੇ ਦੇਸ਼ ਭਰ ਦੇ ਸੂਬਿਆਂ ਤੋਂ 11,720 ਸਰਗਰਮ ਸੁਝਾਅ ਪ੍ਰਾਪਤ ਹੋਏ ਹਨ। ਇਨ੍ਹਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਜਾਵੇਗੀ। ਇਹ ਦੋ ਰੋਜ਼ਾ ਸਮਿਟ ਨਸ਼ਾ ਮੁਕਤ ਭਾਰਤ, ਵਿਦਿਆਰਥੀਆਂ ਨੂੰ ਸਸ਼ਕਤ ਬਣਾਉਣ ਵਾਲੀਆਂ ਵਜ਼ੀਫ਼ਾ ਯੋਜਨਾਵਾਂ, ਦਿਵਿਆਂਗਜਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਤੇ ਸੁਗਮਯ ਤੇ ਵਿਕਸਿਤ ਭਾਰਤ ਵਰਗੇ ਚਾਰ ਗੰਭੀਰ ਵਿਸ਼ਿਆਂ ਅਤੇ ਥੀਮਾਂ 'ਤੇ ਆਧਾਰਿਤ ਹੋਵੇਗੀ।

ਸ਼੍ਰੀ ਬੇਦੀ ਨੇ ਕਿਹਾ ਕਿ ਦੇਸ਼ ਵਿੱਚ ਇਹ ਵਿਭਾਗੀ ਸਮਿਟ ਪਹਿਲੀ ਵਾਰ ਆਯੋਜਿਤ ਕੀਤੀ ਜਾ ਰਹੀ ਹੈ। ਇਸ ਵਿੱਚ ਦੋ ਵਿਸ਼ੇ ਸਮਾਜਿਕ ਖੇਤਰ ਨਾਲ ਅਤੇ ਦੋ ਦਿਵਿਆਂਗਜਨਾਂ ਨਾਲ ਸਬੰਧਤ ਹਨ।

ਇਨ੍ਹਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਵਿੱਚ ਕਮੀ ਲਿਆਉਣ,

ਰਾਹੁਲ ਗਾਂਧੀ ਦੀ ਸੰਗਰੂਰ ਰੈਲੀ ਲਈ ਮੁਹਾਲੀ ਤੋਂ ਵੱਖ-ਵੱਖ ਆਗੂਆਂ ਦੀ ਅਗਵਾਈ ਵਿੱਚ ਕਾਫਲੇ ਰਵਾਨਾ

ਐਸ.ਏ.ਐਸ. ਨਗਰ, 4 ਨਵੰਬਰ (ਪੈ.ਗਾਮ-ਏ-ਜਗਤ)

ਕਾਂਗਰਸ ਪਾਰਟੀ ਵੱਲੋਂ ਅੱਜ ਸੰਗਰੂਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਮੁਹਾਲੀ ਤੋਂ ਵੱਖ ਵੱਖ ਆਗੂਆਂ ਦੀ ਅਗਵਾਈ ਵਿੱਚ ਕਾਫਲੇ ਰਵਾਨਾ ਹੋਏ। ਵਿਧਾਨਸਭਾ ਚੋਣਾਂ ਨੇੜੇ ਆਉਣ ਕਾਰਨ ਹਲਕੇ ਤੋਂ ਪਾਰਟੀ

- **ਬਲਬੀਰ ਸਿੱਧੂ, ਕੁਲਜੀਤ ਬੇਦੀ ਅਤੇ ਪਹਿਲਵਾਨ ਗਿਲ ਦੀ ਅਗਵਾਈ ਵਿੱਚ ਗਏ ਕਾਂਗਰਸੀ**

ਟਿਕਟ ਦੇ ਦਾਅਵੇਦਾਰ ਆਗੂਆਂ ਵਲੋਂ ਆਪੋ ਆਪਣੇ ਪੱਧਰ ਤੇ ਇਕੱਠ ਕਰਕੇ ਆਪੋ ਆਪਣੇ ਸਮਰਥਕਾਂ ਦੇ ਨਾਲ ਸੰਗਰੂਰ ਰੈਲੀ ਲਈ ਰਵਾਨਗੀ ਕੀਤੀ ਗਈ।

ਇਸ ਦੌਰਾਨ ਸਭਤੋਂ ਵੱਡਾ ਕਾਫਲਾ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਸਿਹਤ ਮੰਤਰੀ ਸ. ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਰਵਾਨਾ ਹੋਇਆ। ਸੰਗਰੂਰ ਰੈਲੀ ਵਾਸਤੇ ਰਵਾਨਾ ਹੋਣ ਤੋਂ ਪਹਿਲਾਂ ਸ. ਸਿੱਧੂ ਦੀ ਅਗਵਾਈ ਵਿੱਚ ਵੱਡਾ ਇਕੱਠ





ਕੀਤਾ ਗਿਆ ਜਿਸ ਉਪਰੰਤ ਹਲਕਾ ਮੁਹਾਲੀ ਤੋਂ ਸੈਂਕੜੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਦਾ ਵਿਸ਼ਾਲ ਕਾਫ਼ਲਾ ਸ਼੍ਰੀ ਰਾਹੁਲ ਗਾਂਧੀ ਦੀ ਇਨਸਾਫ਼ ਰੈਲੀ ਵਿੱਚ ਸ਼ਮੂਲੀਅਤ ਲਈ ਸੰਗਰੂਰ ਵੱਲ ਰਵਾਨਾ ਹੋਇਆ। ਇਸ ਮੌਕੇ ਸ੍. ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਸ੍ਰੀ ਰਾਹੁਲ ਗਾਂਧੀ ਦੀ ਅਗਵਾਈ ਹੇਠ ਹੋ ਰਹੀ ਸੰਗਰੂਰ ਰੈਲੀ ਵਾਸਤੇ ਕਾਂਗਰਸ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵਿੱਚ ਭਾਰੀ ਉਤਸਾਹ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਲੋਕਾਂ ਦਾ ਭਰੋਸਾ ਗਵਾ ਚੁੱਕੀ ਹੈ ਅਤੇ ਇਸਦਾ ਜਾਣਾ ਤੈਅ ਹੈ।

ਸਾਬਕਾ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ, ਵਰਕਰਾਂ ਅਤੇ ਨੌਜਵਾਨਾਂ ਦਾ ਕਾਫਲਾ ਬੱਸਾਂ ਅਤੇ ਹੋਰ ਵਾਹਨਾਂ ਰਾਹੀਂ ਸੰਗਰੂਰ ਲਈ ਰਵਾਨਾ ਹੋਇਆ। ਇਸ ਕਾਫਲੇ ਵਿੱਚ ਨੌਜਵਾਨ ਸਾਥੀਆਂ, ਪਿੰਡਾਂ ਦੇ ਸਾਬਕਾ ਪੰਚਾਂ-ਸਰਪੰਚਾਂ, ਯੂਥ ਆਗੂਆਂ ਅਤੇ ਕਾਂਗਰਸ ਪਾਰਟੀ ਨਾਲ ਜੁੜੇ ਵੱਖ-ਵੱਖ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਕੁਲਜੀਤ ਸਿੰਘ ਬੇਦੀ ਨੇ ਕਿਹਾ ਕਿ ਸੰਗਰੂਰ ਦੀ ਇਹ ਰੈਲੀ ਪੰਜਾਬ ਦੀ ਸਿਆਸਤ ਵਿੱਚ ਇੱਕ ਅਹਿਮ ਮੋੜ ਸਾਬਤ ਹੋਵੇਗੀ। ਉਹਨਾਂ ਕਿਹਾ ਕਿ ਇਹ ਰੈਲੀ ਮੌਜੂਦਾ ਸਰਕਾਰ ਦੇ ਖਿਲਾਫ ਲੋਕਾਂ ਦੇ ਵਧ ਰਹੇ ਰੋਸ ਅਤੇ ਬਦਲਾਅ ਦੀ ਇੱਛਾ ਦਾ ਪ੍ਰਗਟਾਵਾ ਕਰੇਗੀ।

ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਕਾਂਗਰਸ ਦੇ ਜਿਲ੍ਹਾ ਮੁਹਾਲੀ ਦੇ ਪ੍ਰਧਾਨ ਪਹਿਲਵਾਨ ਅਮਰਜੀਤ ਸਿੰਘ ਗਿੱਲ ਵਲੋਂ ਵੀ ਕਾਂਗਰਸੀ ਆਗੂਆਂ ਅਤੇ ਵਰਕਰਾ ਦਾ ਇਕੱਠ ਕੀਤਾ ਗਿਆ ਅਤੇ ਫਿਰ ਉਹ ਸਾਰੇ ਇੱਕ ਕਾਫਲੇ ਦੇ ਰੂਪ ਵਿੱਚ ਸੰਗਰੂਰ ਵਿਖੇ ਹੋ ਰਹੀ ਇਨਸਾਫ ਰੈਲੀ ਵਾਸਤੇ ਰਵਾਨਾ ਹੋਏ। ਇਸ ਮੌਕੇ ਪਹਿਲਵਾਨ ਗਿੱਲ ਨੇ ਕਿਹਾ ਕਿ ਤਤਕਾਲੀਨ ਕਾਂਗਰਸ ਸਰਕਾਰ ਵੱਲੋਂ ਸੂਬੇ ਦੇ ਵਸਨੀਕਾਂ ਨੂੰ ਦਿੱਤੀਆਂ ਗਈਆਂ ਲੋਕ ਭਲਾਈ ਸਕੀਮਾਂ ਨੂੰ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬੰਦ ਕਰ ਦਿੱਤਾ ਗਿਆ ਹੈ ਜਿਸ ਕਾਰਨ ਹਰੇਕ ਵਰਗ ਦੇ ਲੋਕ ਦੁਖੀ ਹਨ ਅਤੇ ਉਹ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਇੰਤਜ਼ਾਰ ਕਰ ਰਹੇ ਹਨ। ਮੁਹਾਲੀ ਹਲਕੇ ਤੋਂ ਪਾਰਟੀ ਦੀ ਟਿਕਟ ਦੇ ਦਾਅਵੇਦਾਰ ਇਹਨਾਂ ਤਮਾਮ ਆਗੂਆਂ ਵਲੋਂ ਭਾਵੇਂ ਆਪੋ ਆਪਣੇ ਪੱਧਰ ਤੇ ਇਕੱਠ ਕਰਕੇ ਆਪਣੀ ਤਾਕਤ ਦਾ ਪ੍ਰਗਟਾਵਾ ਕੀਤਾ ਗਿਆ ਹੈ ਪਰੰਤੂ ਇਸ ਨਾਲ ਹਲਕੇ ਵਿੱਚ ਕਾਂਗਰਸ ਪਾਰਟੀ ਦੀ ਅੰਦਰੂਨੀ ਫੁੱਟ ਵੀ ਸੜਕਾਂ ਤੇ ਆ ਗਈ ਹੈ।

ਮੁਹਾਲੀ ਦੇ ਸਾਂਝ ਕੇਂਦਰਾਂ ਤੇ ਤਾਲੇ ਲੱਗਣ ਕਾਰਨ ਲੋਕ ਪਰੇਸ਼ਾਨ : ਰਮੇਸ਼ ਵਰਮਾ

- **ਸਟਾਫ਼ ਦੀਆਂ ਡਿਊਟੀਆਂ ਸੰਗਰੂਰ ਲਗਾਉਣ ਦਾ ਦੋਸ਼ ਲਗਾਇਆ**

ਐਸ.ਏ.ਐਸ. ਨਗਰ, 4 ਨਵੰਬਰ (ਪੈ.ਗਾਮ-ਏ-ਜਗਤ)

ਸਮਾਜਿਕ ਕਾਰਕੁਨ ਰਮੇਸ਼ ਕੁਮਾਰ ਵਰਮਾ ਨੇ ਕਿਹਾ ਹੈ ਕਿ ਮੁਹਾਲੀ ਵਰਗੇ ਵੱਡੇ ਸ਼ਹਿਰ ਵਿੱਚ ਆਮ ਲੋਕਾਂ ਨੂੰ ਸਰਕਾਰੀ ਸਹੂਲਤਾਂ ਦੇਣ ਲਈ ਬਣਾਏ ਗਏ ਸਾਂਝ ਕੇਂਦਰਾਂ ਵਿੱਚ ਤਾਇਨਾਤ ਕਰਮਚਾਰੀਆਂ ਦੀਆਂ ਡਿਊਟੀਆਂ ਸੰਗਰੂਰ ਜ਼ਿਲ੍ਹੇ ਵਿੱਚ ਲਗਾਈਆਂ ਗਈਆਂ ਹਨ, ਜਿਸ ਕਾਰਨ ਕਈ ਸਾਂਝ ਕੇਂਦਰ ਪੂਰੀ ਤਰ੍ਹਾਂ ਬੰਦ ਪਏ ਹਨ ਅਤੇ ਉਨ੍ਹਾਂ ਤੇ ਤਾਲੇ ਲੱਗੇ ਹੋਏ ਹਨ।

ਉਹਨਾਂ ਕਿਹਾ ਕਿ ਉਹਨਾਂ ਖੁਦ ਫੇਜ਼-8 ਅਤੇ ਫੇਜ਼-11 ਦੇ ਸਾਂਝ ਕੇਂਦਰਾਂ ਦਾ ਦੌਰਾ ਕੀਤਾ ਅਤੇ ਦੋਵੇਂ ਥਾਵਾਂ ਤੇ ਸਾਂਝ ਕੇਂਦਰ ਬੰਦ ਮਿਲੇ।



ਉੱਥੇ ਮੌਜੂਦ ਲੋਕਾਂ ਤੋਂ ਪਤਾ ਲੱਗਿਆ ਕਿ ਫੇਜ਼-8 ਦੇ ਕਰਮਚਾਰੀ ਦੀ ਡਿਊਟੀ ਸੰਗਰੂਰ ਲਗਾਈ ਗਈ ਹੈ। ਫੇਜ਼-11 ਦੇ ਕਰਮਚਾਰੀ ਰਵਿੰਦਰ ਨੇ ਵੀ ਦੱਸਿਆ ਕਿ ਉਸ ਦੀ ਪਿਛਲੇ ਇੱਕ ਹਫ਼ਤੇ ਤੋਂ ਬਾਹਰ ਡਿਊਟੀ ਲੱਗੀ ਹੋਈ ਹੈ।

ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਜੱਦੀ ਜ਼ਿਲ੍ਹੇ ਸੰਗਰੂਰ ਵਿੱਚ ਡਿਊਟੀਆਂ ਲਗਾਉਣਾ ਪ੍ਰਸ਼ਾਸਨ ਦਾ ਫ਼ੈਸਲਾ ਹੋ ਸਕਦਾ ਹੈ, ਪਰ ਕੀ ਇਸ ਦਾ ਮਤਲਬ ਇਹ ਹੈ ਕਿ ਮੁਹਾਲੀ ਵਰਗੇ ਵੱਡੇ ਸ਼ਹਿਰ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਬੁਨਿਆਦੀ ਸਰਕਾਰੀ ਸਹੂਲਤਾਂ ਤੋਂ ਵਾਂਝਾ ਕਰ ਦਿੱਤਾ ਜਾਵੇ? ਉਹਨਾਂ ਕਿਹਾ ਕਿ ਜੇਕਰ ਇਨ੍ਹਾਂ ਸਾਂਝ ਕੇਂਦਰਾਂ ਵਿੱਚ ਤਾਇਨਾਤ ਕਰਮਚਾਰੀਆਂ ਦੀਆਂ ਡਿਊਟੀਆਂ ਸੰਗਰੂਰ ਲਗਾ ਦਿੱਤੀਆਂ ਜਾਣਗੀਆਂ ਤਾਂ ਮੁਹਾਲੀ ਦੇ ਲੋਕਾਂ ਨੂੰ ਸਰਕਾਰੀ ਸਹੂਲਤਾਂ ਕੌਣ ਦੇਵੇਗਾ? ਉਹਨਾਂ ਕਿਹਾ ਕਿ ਸਾਂਝ ਕੇਂਦਰਾਂ ਵਿੱਚ ਲੋਕ ਆਪਣੇ ਸਰਟੀਫਿਕੇਟਾਂ, ਜ਼ਰੂਰੀ ਦਸਤਾਵੇਜ਼ਾਂ, ਗੁੰਮ ਹੋਏ ਦਸਤਾਵੇਜ਼ਾਂ ਦੀ ਰਿਪੋਰਟ ਅਤੇ ਹੋਰ ਸਰਕਾਰੀ ਸੇਵਾਵਾਂ ਲਈ ਆਉਂਦੇ ਹਨ। ਜਦੋਂ ਕੇਂਦਰਾਂ ਤੇ ਤਾਲੇ ਲੱਗੇ ਹੋਣ ਅਤੇ ਕੋਈ ਕਰਮਚਾਰੀ ਮੌਜੂਦ ਨਾ ਹੋਵੇ ਤਾਂ ਆਮ ਆਦਮੀ ਆਪਣਾ ਕੰਮ ਕਰਵਾਉਣ ਲਈ ਕਿੱਥੇ ਜਾਵੇ? ਉਹਨਾਂ ਪੰਜਾਬ ਸਰਕਾਰ, ਪੰਜਾਬ ਦੇ ਡੀਜੀਪੀ ਅਤੇ ਮੁਹਾਲੀ ਪੁਲੀਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਮੁਹਾਲੀ ਦੇ ਸਾਰੇ ਸਾਂਝ ਕੇਂਦਰਾਂ ਵਿੱਚ ਤੁਰੰਤ ਸਟਾਫ਼ ਦੀ ਪੱਕੀ ਵਿਵਸਥਾ ਕੀਤੀ ਜਾਵੇ ਅਤੇ ਜੇਕਰ ਕਰਮਚਾਰੀਆਂ ਦੀਆਂ ਡਿਊਟੀਆਂ ਸੰਗਰੂਰ ਜਾਂ ਕਿਸੇ ਹੋਰ ਜ਼ਿਲ੍ਹੇ ਵਿੱਚ ਲਗਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਦੀ ਥਾਂ ਬਦਲਵਾਂ ਸਟਾਫ਼ ਤਾਇਨਾਤ ਕੀਤਾ ਜਾਵੇ, ਤਾਂ ਜੋ ਮੁਹਾਲੀ ਦੇ ਲੋਕਾਂ ਨੂੰ ਖੱਜਲ-ਖੁਆਰ ਨਾ ਹੋਣਾ ਪਵੇ।

ਗ੍ਰੀਨ ਬੈਲਟ ਵਿੱਚ ਲਗਾਏ ਬੂਟੇ ਪੁੱਟੇ, ਟੈਂਟ ਵੀ ਚੋਰੀ ਕੀਤਾ

ਐਸ.ਏ.ਐਸ. ਨਗਰ, 4 ਨਵੰਬਰ (ਪੈ.ਗਾਮ-ਏ-ਜਗਤ)

ਸਥਾਨਕ ਫੇਜ਼ 5 ਅਤੇ ਸ਼ਾਹੀ ਮਾਜਰਾ ਦੇ ਵਿਚਕਾਰ ਸਥਿਤ ਗ੍ਰੀਨ ਬੈਲਟ ਵਿੱਚ ਬੀਤੇ ਦਿਨ ਵਸਨੀਕਾਂ ਵਲੋਂ ਲਗਾਏ ਗਏ 35 ਦੇ ਕਰੀਬ ਬੂਟੇ ਬੀਤੀ ਰਾਤ ਅਣਪਛਾਤੇ ਵਿਅਕਤੀਆਂ ਵਲੋਂ ਜੇ ਸੀ ਬੀ ਮਸ਼ੀਨ ਚਲਾ ਜਮੀਂਦੋਜ ਕਰ ਦਿੱਤੇ ਗਏ। ਇਸਦੇ ਨਾਲ ਹੀ ਤੜਕਸਾਰ ਇੱਥੇ ਆਏ ਕੁੱਝ ਵਿਅਕਤੀਆਂ ਵਲੋਂ ਇੱਥੇ ਲੱਗਿਆ ਟੈਂਟ ਅਤੇ ਪਾਈਪਾਂ ਵੀ ਚੋਰੀ ਕਰ ਲਈਆਂ ਗਈਆਂ ਅਤੇ ਇਹ ਸਾਰਾ ਸਾਮਾਨ ਇੱਕ ਜੀਪ ਨੁਮਾ ਗੱਡੀ ਵਿੱਚ ਲੱਦ ਕੇ ਲੈ ਗਏ। ਵਾਰਡ ਨੰਬਰ 9 ਦੀ ਕੌਂਸਲਰ ਬੀਬੀ ਕੁਲਦੀਪ ਕੌਰ ਕੰਗ, ਸਮਾਜ ਸੇਵੀ ਐਨ ਐਸ ਕਲਸੀ ਅਤੇ ਸਥਾਨਕ ਵਸਨੀਕਾਂ ਸੁਖਵਿੰਦਰ ਸਿੰਘ ਵਿਰਦੀ, ਰਵਿੰਦਰ ਸਿੰਘ ਰਾਜੂ ਅਤੇ ਹੋਰਨਾਂ ਨੇ ਇਲਜਾਮ ਲਗਾਇਆ ਕਿ ਇਹ ਸਾਰਾ ਕੁੱਝ ਵਸਨੀਕਾਂ ਤੇ ਦਬਾਅ ਪਾਉਣ ਦੀ ਨੀਤੀ ਦੇ ਤਹਿਤ ਕੀਤਾ ਗਿਆ ਹੈ ਕਿਉਂਕਿ ਵਸਨੀਕਾਂ ਵਲੋਂ ਇੱਥੇ ਟੈਂਟ ਲਗਾ ਕੇ ਧਰਨਾ ਲਗਾਇਆ ਗਿਆ ਸੀ ਅਤੇ ਇੱਥੇ ਹਫਤਾਵਾਰੀ ਸਬਜੀ ਮੰਡੀ ਲਗਾਉਣ ਦਾ ਵਿਰੋਧ ਕਰ ਰਹੇ ਹਨ। ਉਹਨਾਂ ਕਿਹਾ ਕਿ ਜਾਹਿਰ ਤੌਰ ਤੇ ਇਹ ਕੰਮ ਇਸ ਲਈ ਕੀਤਾ ਗਿਆ ਹੈ ਤਾਂ ਜੋ ਇੱਥੇ ਜਬਰੀ ਮੰਡੀ ਲਗਵਾਈ ਜਾ ਸਕੇ। ਉਹਨਾਂ ਕਿਹਾ ਕਿ ਵਸਨੀਕ ਇੱਥੇ ਹੋ ਰਹੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕਰਣਗੇ ਅਤੇ ਇਸ ਕਾਰਵਾਈ ਦੇ ਖਿਲਾਫ ਸੰਘਰਸ਼ ਨੂੰ ਤੇਜ ਕੀਤਾ ਜਾਵੇਗਾ।

ਦੀਵਾਲੀ ਮੌਕੇ ਸੂਬੇ ਦੇ ਹਸਪਤਾਲ ਅਲਰਟ ਮੋਡ 'ਤੇ : ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਜਾਰੀ ਕੀਤੀ ਵਿਸ਼ੇਸ਼ ਐਡਵਾਈਜ਼ਰੀ

ਪੈ.ਗਾਮ-ਏ-ਜਗਤ/ਚੰਡੀਗੜ੍ਹ
4 ਨਵੰਬਰ, (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਦੀਵਾਲੀ ਦੇ ਤਿਉਹਾਰ ਦੌਰਾਨ ਹਸਪਤਾਲਾਂ ਨੂੰ ਅਲਰਟ ਮੋਡ 'ਤੇ ਰਹਿਣ ਅਤੇ ਐਮਰਜੈਂਸੀ ਤਿਆਰੀਆਂ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਐਡਵਾਈਜ਼ਰੀ ਜਾਰੀ ਕੀਤੀ ਹੈ। ਤਿਉਹਾਰ ਦੇ ਸਮੇਂ ਪਟਾਕਿਆਂ ਅਤੇ ਹੋਰ ਹਾਦਸਿਆਂ ਕਾਰਨ ਸੜਨ ਅਤੇ ਸਾਹ ਸਬੰਧੀ ਸਮੱਸਿਆਵਾਂ ਦੇ ਮਾਮਲਿਆਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਉਨ੍ਹਾਂ ਨੇ ਸਾਰੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਬਰਨ ਵਾਰਡ ਵੱਖਰੇ ਤੌਰ 'ਤੇ ਤਿਆਰ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਐਮਰਜੈਂਸੀ ਕੇਂਦਰਾਂ ਵਿੱਚ ਥ੍ਰੋਂਕੋਡਾਇਲੇਟਰਜ਼, ਆਕਸੀਜਨ ਸਿਲੰਡਰ ਅਤੇ ਬਰਨ ਟ੍ਰੀਟਮੈਂਟ ਕਿੱਟ ਵਰਗੀਆਂ ਜ਼ਰੂਰੀ ਦਵਾਈਆਂ ਅਤੇ ਮੈਡੀਕਲ ਸਪਲਾਈ ਦਾ ਲੋੜੀਂਦੀ ਮਾਤਰਾ ਵਿੱਚ ਪਹਿਲਾਂ ਤੋਂ ਹੀ ਪ੍ਰਬੰਧ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਆਤਿਸ਼ਬਾਜ਼ੀ ਜਾਂ ਕਿਸੇ ਵੀ ਤਰ੍ਹਾਂ ਦੇ ਹਾਦਸੇ ਦਾ ਸ਼ਿਕਾਰ ਹੋਏ ਲੋਕਾਂ ਦਾ ਤੁਰੰਤ ਇਲਾਜ ਸੰਭਵ ਹੋ ਸਕੇ, ਇਸ ਲਈ ਸਾਰੇ ਸਰਕਾਰੀ ਹਸਪਤਾਲਾਂ ਵਿੱਚ 20 ਤੋਂ ਵੱਧ ਬੈੱਡ ਰਾਖਵੇਂ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਦੀਵਾਲੀ

- **ਹਸਪਤਾਲਾਂ ਵਿੱਚ ਬਰਨ, ਈਐਨਟੀ ਅਤੇ ਐਮਰਜੈਂਸੀ ਬੈਡ ਰਾਖਵੇਂ, ਡਾਕਟਰ ਰਹਿਣਗੇ ਆਨ-ਕਾਲ**

ਵਾਲੇ ਦਿਨ ਆਮ ਦਿਨਾਂ ਦੇ ਮੁਕਾਬਲੇ ਸੜਕ ਹਾਦਸਿਆਂ, ਝੁਲਸਣ ਅਤੇ ਅੱਖਾਂ ਦੀਆਂ ਸੱਟਾਂ ਦੀਆਂ ਘਟਨਾਵਾਂ ਵਿੱਚ ਵਾਧਾ ਹੁੰਦਾ ਹੈ। ਇਸ ਨੂੰ ਦੇਖਦੇ ਹੋਏ ਐਮਰਜੈਂਸੀ ਵਿਭਾਗ ਤੋਂ ਇਲਾਵਾ ਅੱਖਾਂ ਦੇ ਰੋਗਾਂ (ਓਪਥੈਲਮੋਲੋਜੀ), ਆਰਥੋਪੈਡਿਕ ਅਤੇ ਸਰਜਰੀ ਵਿਭਾਗਾਂ ਵਿੱਚ ਵੀ ਬੈੱਡ ਰਾਖਵੇਂ ਰੱਖੇ ਜਾਣਗੇ। ਸਿਹਤ ਮੰਤਰੀ ਨੇ ਨਿਰਦੇਸ਼ ਦਿੱਤੇ ਹਨ ਕਿ ਅੱਖਾਂ ਦੇ ਰੋਗਾਂ, ਆਰਥੋਪੈਡਿਕ ਅਤੇ ਸਰਜਰੀ ਦੇ ਮਾਹਿਰਾਂ ਨੂੰ ਅਲਰਟ ਮੋਡ ਅਤੇ ਆਨ-ਕਾਲ ਡਿਊਟੀ 'ਤੇ ਰੱਖਿਆ ਜਾਵੇ, ਤਾਂ ਜੋ ਪੀੜਤਾਂ ਨੂੰ ਤੁਰੰਤ ਅਤੇ ਪ੍ਰਭਾਵੀ ਇਲਾਜ ਮਿਲ ਸਕੇ। ਦੀਵਾਲੀ ਵਾਲੇ ਦਿਨ ਕਿਸੇ ਵੀ ਅਚਨਚੇਤੀ ਸਥਿਤੀ ਨਾਲ ਨਜਿੱਠਣ ਲਈ ਸਰਕਾਰੀ ਅਤੇ ਨਿੱਜੀ, ਦੋਵਾਂ ਖੇਤਰਾਂ ਦੇ ਮਾਹਿਰਾਂ ਨੂੰ ਤਾਇਨਾਤ ਰਹਿਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਬਰਨ ਦੇ ਮਰੀਜ਼ਾਂ ਲਈ ਲੋੜੀਂਦੀ ਗਿਣਤੀ ਵਿੱਚ ਸਟ?ਰੈਚਰ, ਬੈਡ, ਆਈ/ਵੀ ਸਟੈਂਡ, ਆਈ/ਵੀ ਸਲੂਸ਼ਨ ਅਤੇ ਐਂਟੀਬਾਇਓਟਿਕਸ ਦੀ ਆਸਾਨ ਉਪਲਬਧਤਾ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਦੀਵਾਲੀ ਦੇ ਤਿਉਹਾਰ ਦੌਰਾਨ ਮੈਡੀਕਲ ਕਰਮਚਾਰੀਆਂ ਅਤੇ ਮਾਹਿਰਾਂ ਨੂੰ ਸ਼ਹਿਰ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ ਅਤੇ ਅੱਖਾਂ ਤੇ ਈਐਨਟੀ ਮਾਹਿਰਾਂ ਦੀਆਂ ਟੀਮਾਂ ਹਸਪਤਾਲਾਂ ਵਿੱਚ ਮੌਜੂਦ ਰਹਿਣਗੀਆਂ। ਇਸ ਦੇ ਨਾਲ ਹੀ ਗੰਭੀਰ ਮਾਮਲਿਆਂ ਦੀ ਤੁਰੰਤ ਦੇਖਭਾਲ ਲਈ ਹਸਪਤਾਲ ਦੇ ਟਰੌਮਾ ਸੈਂਟਰ ਅਤੇ ਆਈਸੀਯੂ ਵਿੱਚ ਵੀ ਵਿਸ਼ੇਸ਼ ਤੌਰ 'ਤੇ ਬੈੱਡ ਰਾਖਵੇਂ ਕੀਤੇ ਜਾਣਗੇ।

ਸਿੱਖ ਨਸਲਕੁਸ਼ੀ ਦੇ ਦਿਨਾਂ ਵਿੱਚ ਪਸ਼ਚਾਤਾਪ ਕਰਨ ਦੀ ਥਾਂ ਰੈਲੀਆਂ ਕਰਕੇ ਆਪਣਾ ਸ਼ਕਤੀ ਪ੍ਰਦਰਸ਼ਨ ਕਰ ਰਹੀ ਹੈ ਕਾਂਗਰਸ : ਪਰਮਜੀਤ ਸਿੰਘ ਕਾਹਲੋਂ

ਐਸ.ਏ.ਐਸ. ਨਗਰ, 4 ਨਵੰਬਰ (ਪੈ.ਗਾਮ-ਏ-ਜਗਤ)

ਪੰਥਕ ਆਗੂ ਅਤੇ ਕੌਂਸਲਰ ਸ੍. ਪਰਮਜੀਤ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸਿੱਖ ਨਸਲਕੁਸ਼ੀ ਦੇ ਦਿਨਾਂ ਵਿੱਚ ਕਾਂਗਰਸ ਪਾਰਟੀ ਪਸ਼ਚਾਤਾਪ ਕਰਨ ਅਤੇ ਮਾਫੀ ਮੰਗਣ ਦੀ ਥਾਂ ਤੇ ਦਿੱਲੀ ਅਤੇ ਪੰਜਾਬ ਅੰਦਰ ਰੈਲੀਆਂ ਕਰਕੇ ਆਪਣਾ ਸ਼ਕਤੀ ਪ੍ਰਦਰਸ਼ਨ ਕਰ ਰਹੀ ਹੈ ਅਤੇ ਸਿੱਖਾਂ ਦੇ ਜਖਮਾਂ ਤੇ ਲੂਣ ਛਿੜਕ ਰਹੀ ਹੈ, ਜਿਸ ਨੂੰ ਸਿੱਖ ਕੌਮ ਕਦੇ ਬਰਦਾਸ਼ਤ ਨਹੀਂ ਕਰੇਗੀ।

ਉਹਨਾਂ ਕਿਹਾ ਕਿ ਕਾਂਗਰਸ ਨੇ ਕਦੇ ਵੀ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਨਹੀਂ ਕੀਤਾ। ਪਹਿਲਾਂ ਆਪਰੇਸ਼ਨ ਬਲੂ ਸਟਾਰ ਵੇਲੇ ਪੰਜਾਬ ਵਿੱਚ 35 ਗੁਰੂ ਧਾਮਾਂ ਤੇ ਫੌਜ ਤੋਂ ਹਮਲਾ ਕਰਵਾਇਆ ਜਦੋਂ ਸਿੱਖ ਨੌਜਵਾਨਾਂ ਨੇ ਇਸ ਦਾ ਬਦਲਾ ਲਿਆ ਤਾਂ ਨਵੰਬਰ ਦੇ ਪਹਿਲੇ ਹਫਤੇ ਤੇ ਦੇਸ਼ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਸਿੱਖ ਨਸਲਕੁਸ਼ੀ ਕਰਵਾਈ, ਜਿਸ ਦਾ ਇਨਸਾਫ ਲੈਣ ਲਈ ਕੌਮ ਅੱਜ 42 ਸਾਲਾਂ ਬਾਅਦ ਵੀ ਦਰ ਦਰ ਭਟਕ ਰਹੀ ਹੈ ਅਤੇ ਕਾਂਗਰਸ ਪਾਰਟੀ ਪੀੜਿਤ ਪਰਿਵਾਰਾਂ ਦੇ ਜ਼ਖਮਾਂ ਤੇ ਮਰਹਮ ਲਗਾਉਣ ਦੀ ਥਾਂ ਆਪਣੇ ਦੋਸ਼ੀ ਲੀਡਰ ਬਚਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੇ ਆਗੂ ਆਪਣੀ ਜਮੀਰ ਮਾਰ ਕੇ ਦੋਸ਼ੀ ਲੀਡਰਾਂ ਸਾਹਮਣੇ ਝੁੱਕ ਝੁੱਕ ਕੇ ਸਲਾਮ ਕਰਕੇ ਆ